ਕਵੀਸ਼ਰੀ ਪ੍ਰਸੰਗਾਂ ਦੀ ਨਵੀ ਪੁਸਤਕ

# ਬੱਬਰ ਅਕਾਲੀ



## (ਬੱਬਰਾਂ ਦੀ ਵਿਥਿਆ)

# ਬੱਬਰ ਅਕਾਲੀ (ਅਣਖੀ ਸੂਰਮੇ—ਹਿੱਸਾ ਦੂਜਾ)

ਲੇਖਕ :
ਜੋਗਾ ਸਿੰਘ ਜੋਗੀ
ਤੁਗਲਵਾਲਾ, ਗੁਰਦਾਸਪੁਰ (ਪੰਜਾਬ)
ਜੋੜੀਦਾਰ : ਗੁਰਮੁਖ ਸਿੰਘ ਜੌਹਲ, ਰਣਜੀਤ ਸਿੰਘ ਚੋਆ,
ਨਰਿੰਦਰ ਸਿੰਘ ਰੂਪੋਵਾਲੀ

ਮੁੱਲ : 40 ਰੁਪਏ

ਪ੍ਰਕਾਸ਼ਕ :
ਅੰਮ੍ਰਿਤ ਪੁਸਤਕ ਭੰਡਾਰ
115, ਨਵੀਂ ਘੰਟਾ ਘਰ ਮਾਰਕੀਟ, ਅੰਮ੍ਰਿਤਸਰ
ਫ਼ੋਨ : 9876551421

## ਪੁੱਛ-ਗਿੱਛ ਦਾ ਦਫ਼ਤਰ

*ਏਸੇ ਕਲਮ ਤੋਂ :*

ਜੋਗੀ ਦੇ ਨਗਮੇ
ਦਲੇਰ ਜੋਗੀ
ਬਾਂਕੇ ਜੋਗੀ
ਅਣਖੀ ਸੂਰਮੇ
ਅਣਖੀਲੇ ਜੋਗੀ
ਚੰਗੇ ਜੋਗੀ
ਬਹਾਦਰ ਜੋਗੀ
ਜਰਨੈਲ ਜੋਗੀ



# ਵਰਤਮਾਨ ਸਮੇਂ ਦੇ ਬਹਾਦਰ
# ਅਤੇ
# ਪਿਛਲੇ ਹੋ ਗੁਜ਼ਰੇ ਸੂਰਮੇ

ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

## ਦਵੱਈਆ ਛੰਦ

1

ਮੁਗ਼ਲਾਂ ਦੇ ਤਖ਼ਤੇ 'ਤੇ ਜਿਸ ਦੀ ਬੱਲੇ ਬੱਲੇ ਹੋਈ।
ਜੀਹਦੇ ਬਹਾਦਰ ਬੰਦਾ ਸਿੰਘ ਨੂੰ ਜਿੱਤ ਸਕਿਆ ਨਹੀਂ ਕੋਈ।
ਨਲੂਏ ਸ਼ੇਰ ਦਾ ਨਾਮ ਲਵੋ ਤਾਂ ਮੁਗ਼ਲਾਂ ਦੇ ਦਲ ਰੁਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

2

ਤੋਪਾਂ ਮੂਹਰੇ ਕੂਕਦੇ ਕੂਕੇ ਜਾਬਰਾ ਤੂੰ ਨਹੀਂ ਰਹਿਣਾ।
ਚੰਦ ਦੇ ਘਰ ਨੂੰ ਮੱਲੀ ਬੈਠਾ ਲੰਡਨੋਂ ਆਇਆ ਟਟਹਿਣਾ।
ਦੇਸ਼ ਦੇ ਰਾਖੇ ਭਾਰਤਵਾਸੀ ਨਹੀਂ ਕੁਰਬਾਨੀਉਂ ਉਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

3

ਜੋ ਬਜਬਜ ਕੇ ਘਾਟ ਦੇ ਉੱਤੇ ਰੋਕ ਲੈਂਦੇ ਨੇ ਗੋਲੀ।
ਦੇਸ਼ ਤੋਂ ਮਰਨ ਕਬੂਲ ਕਰ ਲਿਆ ਪੈ ਕੇ ਮੌਤ ਦੀ ਝੋਲੀ।
ਟੈਂਕਾਂ ਮੂਹਰੇ ਪੈ ਜਾਂਦੇ ਨੇ ਤੋਪਾਂ ਦੇ ਵਿਚ ਝੁਕਦੇ।
ਦੇਸ਼ ਮੇਰੇ ਦੇ... ...

4

ਵੇਖੋ ਲਾਲੇ ਲਾਜਪਤ ਨੇ ਨਾਹਰਾ ਆਜ਼ਾਦੀ ਲਾਇਆ।
ਸਾਈਮਨ ਜਦੋਂ ਕਮਿਸ਼ਨ ਲਾਹੌਰ 'ਚ ਇੰਗਲੈਂਡ ਸੀ ਆਇਆ।
ਵੱਢਣ ਵਾਲਿਆਂ ਜ਼ੋਰ ਲਗਾ ਲਿਆ ਇਹਦੇ ਟਹਿਣ ਨਹੀਂ ਸੁੱਕਦੇ।
ਦੇਸ਼ ਮੇਰੇ ਦੇ... ...

5

'ਜੋਗੀ' ਸਰਕਾਰ ਦੇ ਸੀਨੇ ਨਾਗ ਵਾਂਗਰਾਂ ਲੜਿਆ।
ਉਹ ਇਕ ਯੋਧਾ ਭਗਤ ਸਿੰਘ[1] ਫਾਂਸੀ ਉੱਤੇ ਚੜ੍ਹਿਆ।
ਬਾਬੇ ਮਨੀ ਸਿੰਘ ਦੀਆਂ ਵੇਖੋ ਵੈਰੀ ਹੱਡੀਆਂ ਟੁੱਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

6

ਬੱਬਰ ਅਕਾਲੀ ਲੜਦੇ ਰਹੇ ਨੇ ਤਾਣ ਤਾਣ ਕੇ ਸੀਨਾ।
ਦੇਸ਼ ਦੇ ਭਗਤਾਂ 'ਤੇ ਜੋ ਚਲੀਆਂ ਤੋੜੀਆਂ ਗੰਨ ਮਸ਼ੀਨਾਂ।
ਲਾਲ ਜਗੀਰੀ ਲਾਲਚ ਉੱਤੇ ਸੂਰਬੀਰ ਨਹੀਂ ਥੁੱਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

---

1. ਸ਼ਹੀਦ ਸਰਦਾਰ ਭਗਤ ਸਿੰਘ ਦਾ ਪੂਰਾ ਪ੍ਰਸੰਗ, ਸਾਰੇ ਕਾਰਨਾਮੇ ਪੜ੍ਹਨ ਵਾਸਤੇ 'ਅਣਖੀ ਸੂਰਮੇ' ਹਿੱਸਾ ਪਹਿਲਾ ਪੜ੍ਹੋ।



(ਤੇ ਹੁਣ 1965 ਨੂੰ ਹਿੰਦ-ਪਾਕਿ ਜੰਗ ਸਮੇਂ ਡੇਹਰਾ ਬਾਰਡਰ 'ਤੇ)

7

ਵੇਖੋ ਨਾਇਕ ਮਹਿੰਦਰ ਸਿੰਘ ਨੇ ਟੈਂਕ ਤੋੜ ਕੇ ਕਿੰਨੇ।
ਲੜ ਕੇ ਭਾਰਤ ਦੇਸ਼ ਵਾਸਤੇ ਤਗ਼ਮਾ ਜਿੱਤਿਆ ਜੀਹਨੇ।
ਹਰਬਖ਼ਸ਼ ਸਿੰਘ ਤੇ ਖ਼ਾਨ ਅਯੂਬ ਦੇ ਜੋੜ ਕੁਦਰਤੀ ਢੁੱਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

8

ਸਿਆਲਕੋਟ 'ਰੰਧਾਵੇ ਕੈਪਟਨ' ਵੱਧ-ਵੱਧ ਚੌਂਕੀਆਂ ਲਈਆਂ।
ਆਪਣੇ ਦੇਸ਼ ਦੀ ਰਾਖੀ ਖ਼ਾਤਰ ਖ਼ੂਨ ਵਹਾਤੇ ਕਈਆਂ।
ਨੇਫ਼ਾ ਅਤੇ ਲੱਦਾਖ 'ਚ ਵੇਖੇ ਵੈਰੀ ਵੇਖ ਨਹੀਂ ਲੁੱਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

9

ਜਨਰਲ ਕਿਵੇਂ ਰਾਜਿੰਦਰ ਸਿੰਘ ਨੇ ਵੈਰੀ ਦਾ ਮੂੰਹ ਭੰਨਿਆ।
ਤੇ ਮੇਜਰ ਰਣਜੀਤ ਸਿੰਘ ਨੂੰ ਪਾਕਿਸਤਾਨ ਵੀ ਮੰਨਿਆ।
ਵੈਰੀ ਕਿਤੇ ਨਜ਼ਰ ਨਹੀਂ ਆਉਂਦਾ ਸ਼ੇਰ ਖ਼ਾਲਸੇ ਬੁਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

10

ਫੇਰ ਫੁੱਲਾਂ ਵਲ ਵੇਂਹਦਾ ਫਿਰਦਾ ਪਾਕੀ ਭੌਰ ਵਿਜੋਗੀ।
ਏਸ ਤੋਂ ਅੱਗੇ ਜੋ ਹੋਵੇਗਾ ਫੇਰ ਲਿਖਣਗੇ 'ਜੋਗੀ'।
ਸਰੂਪ ਸਿੰਘ ਜੋ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।
ਦੇਸ਼ ਮੇਰੇ ਦੇ ਬਾਂਕੇ ਗੱਭਰੂ ਨਹੀਂ ਵੈਰੀ ਤੋਂ ਝੁਕਦੇ।

## ਸੂਚਨਾ

ਹਾਲਾਂ ਗੁਰਦੁਆਰਾ ਸੁਧਾਰ ਲਹਿਰ ਖ਼ਤਮ ਨਹੀਂ ਸੀ ਹੋਈ, ਜਦੋਂ ਦੁਆਬੇ ਵਿਚ ਬੱਬਰ ਅਕਾਲੀ ਜਥਾ ਬਣਿਆ, ਜਿਸ ਦਾ ਆਗੂ ਬਾਬਾ ਕਿਸ਼ਨ ਸਿੰਘ ਗੜਗੱਜ ਸੀ। ਉਸ ਨੇ ਬਹੁਤ ਸਾਰੇ ਬੱਬਰ ਇਕੱਠੇ ਕੀਤੇ ਤੇ ਸਾਰਾ ਪ੍ਰੋਗਰਾਮ ਦੱਸ ਕੇ ਵਿਉਂਤ ਬਣਾਈ ਕਿ ਜਵਾਨੋਂ, ਗੋਰੇ ਨੂੰ ਹਿੰਦ ਵਿਚੋਂ ਕੱਢਣ ਵਾਸਤੇ ਸਿਰ-ਧੜ ਦੀ ਬਾਜ਼ੀ ਲਾਉਣੀ ਹੈ। ਜਿਹੜੇ ਦੇਸ਼ ਤੋਂ ਮਰਨਾ ਚਾਹੁੰਦੇ ਹਨ, ਜੇ ਉਹ ਘਰ-ਘਾਟ ਤਿਆਗ ਕੇ ਦੇਸ਼ ਆਜ਼ਾਦ ਕਰਾਉਣ ਵਾਸਤੇ ਕਮਰ-ਕੱਸੇ ਕਰ ਲੈਣ। ਕੁਝ ਜਵਾਨਾਂ ਨੇ ਬਾਂਹ ਉੱਚੀ ਕਰ ਕੇ ਕਿਹਾ:

'ਦੇਸ਼ ਆਜ਼ਾਦ ਕਰਾ ਕੇ ਰਹਾਂਗੇ।'

### ਦੋਤਾਰਾ

1

ਸੂਰਮਿਆਂ ਬੱਬਰਾਂ ਨੇ ਆਖਿਆ ਬਣ ਕੇ ਬੱਬਰ ਅਕਾਲੀ।
ਹੁਣ ਵਾਧਾ ਜਰਨਾ ਨਹੀਂ ਸਭਨਾਂ ਰਲ ਕੇ ਕਸਮ ਖਾਧੀ।
ਜੋ ਦੇਸ਼ ਦਾ ਵੈਰੀ ਹੈ ਉਸ ਨੂੰ ਜਾਨੋਂ ਮਾਰ ਮੁਕਾਉਣਾ।
ਸਹੁੰ ਭਾਰਤ ਮਾਤਾ ਦੀ ਆਪਾ ਦੇਸ਼ ਦੀ ਖ਼ਾਤਰ ਲਾਉਣਾ।

2

ਕਿਉਂ ਅੱਜ ਘੂਰੇ ਮਾਲਕ ਨੂੰ ਦਿਲ ਦੀ ਕਾਲੀ ਚਮੜੀ ਚਿੱਟੀ।
ਕੀ ਅਣਖੀ ਸੌਂ ਗਏ ਨੇ ਆਖੇ ਭਾਰਤ ਦੇਸ਼ ਦੀ ਮਿੱਟੀ।



ਜੋ ਵਾਧੇ ਕਰਦੇ ਨੇ ਆਖ਼ਰ ਪੈ ਜਾਊਗਾ ਪਛਤਾਉਣਾ।
ਸਹੁੰ ਭਾਰਤ ਮਾਤਾ... ...

3

ਜਿਨ ਜਲ੍ਹਿਆਂ ਵਾਲੇ ਦੀ ਧਰਤੀ ਨਾਲ ਖ਼ੂਨ ਦੇ ਰੰਗੀ।
ਇਸ ਲੰਡਨ ਵਾਸੀ ਦੀ ਸਾਨੂੰ ਚਾਲ ਨਹੀਂ ਲੱਗਦੀ ਚੰਗੀ।
ਸਾਕਾ ਨਨਕਾਣੇ ਦਾ ਔਖਾ ਮਰਦੋ ਦਿਲੋਂ ਭੁਲੇਖਾ।
ਸਹੁੰ ਭਾਰਤ ਮਾਤਾ... ...

4

ਅਸੀਂ ਬੇਟੇ ਗੋਬਿੰਦ ਸਿੰਘ ਦੇ ਅਜੀਤ ਜੁਝਾਰ ਦੇ ਭਾਈ।
ਜਿਨ੍ਹਾਂ ਦੀ ਆਯੂ ਥੋੜ੍ਹੀ ਜੰਗ ਵਿਚ ਕੰਬ ਗਈ ਪਾਤਸ਼ਾਹੀ।
ਅਸੀਂ ਬੰਦੇ ਯੋਧੇ ਦਾ ਕੇਰਾਂ ਫੇਰ ਇਤਿਹਾਸ ਦੁਹਰਾਉਣਾ।
ਸਹੁੰ ਭਾਰਤ ਮਾਤਾ... ...

5

ਹੁਣ ਯੋਧੇ ਅਰਜਨ ਦੇ ਮੁੜ ਕੇ ਤੀਰ ਚਾਹੀਦੇ ਚੱਲੇ।
ਕਈ ਸੀਤਾ ਰੋ ਰਹੀਆਂ ਰਾਮਾਂ ਹੱਕ ਰਾਵਣ ਨੇ ਮੱਲੇ।
ਇਹ ਜਨਮ ਅਮੋਲਕ ਹੈ ਇਸ ਨੇ ਬਾਰ-ਬਾਰ ਨਹੀਂ ਆਉਣਾ।
ਸਹੁੰ ਭਾਰਤ ਮਾਤਾ... ...

6

ਜਦ ਚੀਰ ਲੱਥ ਰਹੇ ਨੇ ਪਾਂਡੋ ਰਹਿਣ ਕਿਸ ਤਰ੍ਹਾਂ ਸੁੱਤੇ।
ਗਿੱਦੜਾਂ ਦੇ ਢਾਣੇ ਨੇ ਪਾ ਲਿਆ ਜਾਲ ਜਿਉਂ ਬੱਬਰਾਂ ਉੱਤੇ।
ਜੋ ਟਾਊਟੀ ਕਰ ਰਹੇ ਨੇ ਸਭ ਨੂੰ ਘਰੇ ਇਨਾਮ ਪੁਚਾਉਣਾ।

ਸਹੁੰ ਭਾਰਤ ਮਾਤਾ... ...

7

ਜੋ ਟੋਲੀ ਰਾਜਿਆਂ ਦੀ ਬੈਠੀ ਬਣ ਗੋਰੇ ਦੀ ਚੇਲੀ।
ਚੁੱਕ-ਚੁੱਕ ਕੇ ਮਾਰ ਦਈਏ ਜਿਹੜੇ ਹੁਣ ਗੋਰੇ ਦੇ ਬੇਲੀ।
ਹਾਂ ਪਹਿਲਾਂ ਕਰਿਓ ਨਾ ਜਿਨ੍ਹਾਂ ਨੇ ਬੋਲ ਨਹੀਂ ਤੋੜ ਚੜ੍ਹਾਉਣਾ।
ਸਹੁੰ ਭਾਰਤ ਮਾਤਾ... ...

8

ਨਾਮਧਾਰੀ ਪੰਥ ਨੇ ਵੀ ਕੀਤੀ ਹੱਦੋਂ ਵੱਧ ਕੁਰਬਾਨੀ।
ਉਹ ਜਲਾਵਤਨ ਹੋ ਗਏ ਸੀ ਜੋ ਯੁਗ ਗਰਦਾਂ ਦੇ ਬਾਨੀ।
ਪ੍ਰਵੇਸੀ ਭੌਰੇ ਨੂੰ ਹਿੰਦੀ ਫੁੱਲਾਂ ਉੱਤੋਂ ਉਡਾਉਣਾ।
ਸਹੁੰ ਭਾਰਤ ਮਾਤਾ... ...

9

ਲਛਮਣ ਸਿੰਘ ਵਰਗੇ ਕਈ ਜਲ ਗਏ ਸ਼ਮ੍ਹਾ ਉੱਤੇ ਪ੍ਰਵਾਨੇ।
ਮਰਦਾਂ ਨੂੰ ਫਿਰ ਰਣ ਚਾਹੀਦਾ ਮੁੜ ਕੇ ਅਣਖ ਮਾਰਦੀ ਤਾਹਨੇ।
ਇਹ ਕੋਮਲ ਦਿਲ ਹੀਰਾ ਪੈਣਾ ਸੂਲੀ ਉੱਤੇ ਨਚਾਉਣਾ।
ਸਹੁੰ ਭਾਰਤ ਮਾਤਾ... ...

10

ਜੋ ਦੇਸ਼ ਦੇ ਸਿਪਾਹੀਆਂ ਨੂੰ ਝੋਲੀ-ਚੁਕ ਰਹੇ ਮਰਵਾਉਂਦੇ।
ਗੋਰੇ ਦੇ ਯਾਰ ਹੁਣ ਜਿਹੜੇ ਅਜੇ ਤੀਕ ਨਹੀਂ ਭਾਉਂਦੇ।
ਰਾਹ ਰੋਕੂ ਫਨੀਅਰ ਜੋ ਉਸ ਨੂੰ ਚਾਹੀਏ ਪਾਰ ਬੁਲਾਉਣਾ।
ਸਹੁੰ ਭਾਰਤ ਮਾਤਾ... ...



11

ਸਭ ਮਰਦ ਦਲੇਰ ਨੇ ਕਰ ਕੇ ਹਾਂ ਦਿੱਤੀ ਮਨਜ਼ੂਰੀ।
ਝੋਲੀ-ਚੁਕ ਮਾਰ ਦਿਓ ਪਹਿਲਾਂ ਸਭ ਤੋਂ ਗੱਲ ਜ਼ਰੂਰੀ।
ਮਰਦਾਂ ਨੂੰ 'ਜੋਗੀ ਸਿਆਂ' ਚਾਹੀਏ ਨਹੀਂ ਨਿਸ਼ਾਨੋਂ ਭਾਉਣਾ।
ਸਹੁੰ ਭਾਰਤ ਮਾਤਾ ਦੀ ਆਪਾ ਦੇਸ਼ ਦੀ ਖ਼ਾਤਰ ਲਾਉਣਾ।

ਜਿਵੇਂ ਬਾਬਾ ਕਿਸ਼ਨ ਸਿੰਘ ਪਿੰਡ ਵੜਿੰਗ ਜ਼ਿਲ੍ਹਾ ਜਲੰਧਰ ਵਾਲੇ ਬਾਬੇ ਦੇ ਇਸ਼ਾਰੇ 'ਤੇ ਕੁਰਬਾਨੀ ਕਰਨ ਵਾਸਤੇ ਹਾਂ ਕੀਤੀ, ਉਹ ਇਸ ਪ੍ਰਕਾਰ ਹੈ:

### ਦੋਹਰਾ

ਸੂਰਾ ਸੋ ਪਹਿਚਾਨੀਏ ਜੁ ਲਰੇ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੇ ਕਬਹੂੰ ਨਾ ਛਾਡੇ ਖੇਤ।

## ਦੋ ਗੱਲਾਂ

ਅੰਗਰੇਜ਼ ਹਿੰਦ ਵਿਚ ਵਪਾਰ ਦੇ ਬਹਾਨੇ ਆਇਆ ਤੇ ਸਾਰੇ ਦੇਸ਼ ਦਾ ਮਾਲਕ ਬਣ ਬੈਠਾ। ਜਦੋਂ ਭਾਰਤ ਦੇ ਲੋਕਾਂ ਨੇ ਇਹ ਚਾਲ ਸਮਝੀ ਤਾਂ ਗੋਰੇ ਨੂੰ ਕੱਢਣ ਵਾਸਤੇ ਕਈ ਕੌਮੀ ਲਹਿਰਾਂ ਚੱਲੀਆਂ। ਹੋਰ ਸੂਬਿਆਂ ਵਿਚ ਬੜੇ ਮੋਰਚੇ ਲੱਗੇ ਪਰ ਪੰਜਾਬੀ ਜਵਾਨਾਂ ਨੇ ਤਾਂ ਕਮਾਲ ਕਰ ਦਿੱਤੀ। 1914-15 ਈਸਵੀ ਦੀ ਗ਼ਦਰ ਲਹਿਰ, ਗੁਰੂ ਕੇ ਬਾਗ਼ ਦਾ ਮੋਰਚਾ, ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ, ਨਨਕਾਣੇ ਵਿਚਲੇ ਸ਼ਹੀਦੀ ਸਾਕੇ ਵਿਚ ਵੀ ਅੰਗਰੇਜ਼ਾਂ ਦਾ ਕਾਫ਼ੀ ਹੱਥ ਸੀ।

ਪੰਜਾਬੀ ਸੂਰਮੇ ਹਰ ਕੁਰਬਾਨੀ ਕਰ ਕੇ ਆਪਣੇ ਦੇਸ਼ ਵਿਚੋਂ ਅੰਗਰੇਜ਼ ਨੂੰ ਕੱਢਣਾ ਚਾਹੁੰਦੇ ਸਨ। ਉਹਨਾਂ ਕੌਮੀ ਲਹਿਰਾਂ ਵਿਚੋਂ ਇਕ ਨਹਿਰ 'ਬਾਗ਼ੀ ਲਹਿਰ' ਸੀ ਜੋ ਬੱਬਰ ਅਕਾਲੀ ਲਹਿਰ ਦੇ ਨਾਮ ਥੱਲੇ ਚੱਲੀ। ਜਿਸ ਦੇ ਅਸੀਂ ਥੋੜ੍ਹੇ ਜਿਹੇ ਕਾਰਨਾਮੇ 'ਗੋਲੀ ਚੱਲਦੀ ਰਹੀ' ਗਿਆਨੀ ਤਰਲੋਕ ਸਿੰਘ ਤੂਫ਼ਾਨ ਨਾਵਲਿਸਟ ਦੀ ਲਿਖਤ ਦੇ ਆਧਾਰ 'ਤੇ ਹੀ ਛੰਦਾ-ਬੰਦੀ ਵਿਚ ਰਚਨਾ ਕੀਤੀ ਹੈ।

ਉਮੀਦ ਹੈ ਇਤਿਹਾਸਕ ਲਿਖਾਰੀ ਤੇ ਕਵੀਸ਼ਰੀ ਦੇ ਪ੍ਰੇਮੀ ਇਸ ਥੋੜ੍ਹੀ ਨੂੰ ਬਹੁਤੀ ਕਰ ਕੇ ਸਮਝਣ ਤੇ ਹੌਂਸਲਾ ਵਧਾਉਣ ਦਾ ਯਤਨ ਕਰਨਗੇ।

**ਜੋਗਾ ਸਿੰਘ ਜੋਗੀ**

ਗੁਰਦਾਸਪੁਰੀ (ਕਵੀਸ਼ਰ)



## ਫੇਰ ਕੀ ਸੀ ?

ਜਿਹੜਾ ਬਾਬੇ ਨੇ ਕਿਹਾ, "ਜੋ ਗੋਰੇ ਨੂੰ ਇਸ ਦੇਸ਼ ਵਿਚ ਰੱਖਣਾ ਚਾਹੁੰਦੇ ਹਨ, ਉਹਨਾਂ ਦਾ ਖ਼ਾਤਮਾ ਕਰਨ ਤੋਂ ਬਿਨਾਂ ਦੇਸ਼ ਦੀ ਆਜ਼ਾਦੀ ਦੀ ਬੇੜੀ ਪਾਰ ਲੱਗਣੀ ਮੁਸ਼ਕਿਲ ਹੈ। ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਝੋਲੀ-ਚੁੱਕਾਂ ਦਾ ਖ਼ਾਤਮਾ ਕੀਤਾ ਜਾਵੇ। ਉਹਨਾਂ ਝੋਲੀ-ਚੁਕਾਂ ਵਿਚੋਂ ਇਕ ਹੈ ਰਾਣੀਪੁਰੀਆ ਜ਼ੈਲਦਾਰ ਬਿਸ਼ਨ ਸਿੰਘ, ਜਿਸ ਨੇ ਗ਼ਦਰੀ ਬਾਬਿਆਂ ਦੇ ਸਾਥੀ ਪਿੰਡਾਂ ਵਿਚੋਂ ਲੱਭ-ਲੱਭ ਕੇ ਫੜਾਏ ਹਨ। ਉਸ ਨੂੰ ਬੜੇ ਮੁਰੱਬੇ ਇਨਾਮ ਲੈਣ ਦੀ ਇੱਛਾ ਹੈ। ਸੋ ਜਾਓ ਦੋ ਜਵਾਨ, ਜੋ ਉਸ ਨਾਲ ਮੁਲਾਕਾਤ ਕਰ ਕੇ ਆਉਣ।"

ਰਾਮ ਸਿੰਘ, ਜਿਸ ਦੀ ਭੂਆ ਰਾਣੀਪੁਰ ਰਹਿੰਦੀ ਸੀ, ਉਸ ਨੇ ਖ਼ਾਹਿਸ਼ ਜ਼ਾਹਰ ਕੀਤੀ ਕਿ ਮੈਂ ਇਸ ਕੰਮ ਲਈ ਜਾਵਾਂਗਾ। ਦੂਜਾ ਧਰਮ ਸਿੰਘ ਆਦਮਪੁਰ ਵਾਲਾ, ਕਰਤਾਰ ਸਿੰਘ ਮਹਿਰੇ ਦਾ ਪੁੱਤਰ ਸੀ, ਤਿਆਰ ਹੋਇਆ। ਇਸ ਦਾ ਪਿਤਾ, ਕਾਮਾਗਾਟਾ ਮਾਰੂ ਜਹਾਜ਼ ਵਾਲਿਆਂ 'ਤੇ ਜਦੋਂ ਬਜਬਜ ਘਾਟ ਕਲਕੱਤੇ ਵਿਖੇ ਗੋਲੀ ਚੱਲੀ ਤਾਂ ਉਥੇ ਮਾਰਿਆ ਗਿਆ ਸੀ। ਧਰਮ ਸਿੰਘ ਨੂੰ ਗੋਰੇ ਦੇ ਖ਼ਿਲਾਫ਼ ਜੋ ਘਿਰਣਾ ਸੀ, ਉਸ ਦਾ ਗੁੱਸਾ ਕੱਢਣ ਲਈ ਗੋਰੇ ਦੇ ਯਾਰ ਦਾ ਖ਼ਾਤਮਾ ਕਰਨ ਵਾਸਤੇ ਆਗੂ ਤੋਂ ਹੁਕਮ ਲੈ ਕੇ ਰਾਮ ਸਿੰਘ ਦੇ ਨਾਮ ਰਾਣੀਪੁਰ ਨੂੰ ਚਾਲੇ ਪਾ ਦਿੱਤੇ।

ਉਧਰ ਜ਼ੈਲਦਾਰ ਸਾਹਿਬ ਖੂਹ ਤੋਂ ਨਹਾ ਕੇ ਪਿੰਡ ਨੂੰ ਤੁਰੇ ਅਤੇ ਜਾਂਦੇ ਹੋਏ ਰਸਤੇ ਵਿਚ ਇਸ ਤਰ੍ਹਾਂ ਦੀਆਂ ਕਈ ਦਲੀਲਾਂ ਕਰ ਰਹੇ ਹਨ :

## ਕਾਫ਼ੀ

1

ਖੂਹ ਤੋਂ ਨਹਾ ਕੇ ਜ਼ੈਲਦਾਰ ਜਾਂ ਪਿੰਡ ਨੂੰ ਤੁਰਿਆ ਆਉਂਦਾ ਸੀ।
ਅਸੀਂ ਕਰਨੀਆਂ ਐਸ਼ ਬਹਾਰਾਂ ਮਨ ਵਿਚ ਵਿਉਂਤਾ ਲਾਉਂਦਾ ਸੀ।
ਹੁਣ ਬਹੁਮੁੱਲੇ ਇਨਾਮ ਮਿਲਣਗੇ ਜੇ ਵੇਲਾ ਹੱਥ ਆਇਆ ਉਹ।
ਜਿਹੜਾ ਮਾਰੇ ਜ਼ੈਲਦਾਰ ਨੂੰ ਅਜੇ ਨਹੀਂ ਮਾਂ ਨੇ ਜਾਇਆ ਉਹ।

2

ਚੰਦ ਭੂਤਰੇ ਬੱਬਰ ਅਕਾਲੀ ਐਵੇਂ ਰੌਲਾ ਪਾ ਰਹੇ ਨੇ।
ਹੋ ਗਈ ਹੈ ਸਰਕਾਰ ਚੁਕੰਨੀ ਤੇ ਬਾਗ਼ੀ ਜੇਲ੍ਹੀਂ ਜਾ ਰਹੇ ਨੇ।
ਵਿਣਗਾਂ ਵਾਲਾ ਕਿਸ਼ਨ ਸਿੰਘ ਵੀ ਹੁਣ ਕਹਿੰਦੇ ਘਬਰਾਇਆ ਉਹ।
ਜੇਹੜਾ ਮਾਰੇ... ...

3

ਜੇ ਗੋਰੀ ਸਰਕਾਰ ਰਹੂ ਤਾਂ ਸਾਡਾ ਵੀ ਕੁਝ ਬਣਦਾ ਰਹੂ।
ਮੁੱਕ ਜਾਣਗੇ ਬੱਬਰ ਅਕਾਲੀ ਸਾਨੂੰ ਘਾਟ ਨਾ ਧਨ ਦਾ ਰਹੂ।
ਜਿਸ ਨੇ ਸਾਡੀ ਭੰਡੀ ਕੀਤੀ ਤਾਂ ਪਿੱਛੇ ਪਛਤਾਇਆ ਉਹ।
ਜੇਹੜਾ ਮਾਰੇ... ...

4

ਮੇਰਾ ਯਾਰ ਚੌਧਰੀ ਮੰਗਲ ਜਿਸ ਦੀ ਬੱਧੀ ਛੁੱਟੇ ਨਾ।



ਜਿਥੇ ਹੱਥ ਉਹ ਪਾਉਂਦਾ ਕੇਰਾਂ ਉਸ ਦੀ ਵੀਣੀ ਟੁੱਟੇ ਨਾ।
ਤੂੰ ਹੈਂ ਚੌਥਾ ਰਾਜ ਦਾ ਪਾਵਾ ਡੀ.ਸੀ. ਨੇ ਵਡਿਆਇਆ ਉਹ।
ਜੇਹੜਾ ਮਾਰੇ... ...

5

ਮੇਰੇ ਕੋਲ ਹੈ ਸਾਹਿਬ ਦੀ ਚਿੱਠੀ ਤਗ਼ਮੇ ਵੀ ਮਿਲ ਜਾਣੇ ਨੇ।
ਵਿਚ ਬਾਰ ਦੇ ਕਈ ਮੁਰੱਬੇ ਹੋਰ ਵੀ ਅਜੇ ਦੁਆਉਣੇ ਨੇ।
ਮੈਨੂੰ ਤੱਤੀ 'ਵਾ ਨਾ ਲੱਗੂ ਅਫ਼ਸਰ ਰੱਖਦੇ ਛਾਇਆ ਉਹ।
ਜੇਹੜਾ ਮਾਰੇ... ...

6

ਮੇਰੇ ਖੂਹ ਦੀ ਮਿੱਟੀ ਵੀ ਹੁਣ ਸੋਨੇ ਦੀ ਬਣ ਜਾਵੇਗੀ।
ਹਲ ਦੀ ਜਗ੍ਹਾ ਟਰੈਕਟਰ ਆ ਜਾਊ ਬਿਜਲੀ ਪਾਣੀ ਲਾਵੇਗੀ।
ਜੇਹੜਾ ਮੇਰੇ ਮੂਹਰੇ ਆਇਆ ਕਿਸੇ ਨੇ ਨਹੀਂ ਬਚਾਇਆ ਉਹ।
ਜੇਹੜਾ ਮਾਰੇ... ...

7

ਜ਼ਿਲ੍ਹਿਆਂ ਤੀਕਰ ਮੇਰੀ ਤਾਕਤ ਛੋਟੇ ਅਫ਼ਸਰ ਡਰਦੇ ਨੇ।
ਠਾਣੇਦਾਰ ਸਿਪਾਹੀ ਫਿਰਦੇ ਮੇਰਾ ਪਾਣੀ ਭਰਦੇ ਨੇ।
ਜਿਹੜਾ ਕੰਮ ਕਿਸੇ ਤੋਂ ਅੜਿਆ ਮੈਂ ਨਾ ਸਿਰ ਚੜ੍ਹਾਇਆ ਉਹ।
ਜੇਹੜਾ ਮਾਰੇ... ...

8

ਕਦੇ ਕਹੇ ਹੁਣ ਕਾਹਦਾ ਖ਼ਤਰਾ ਦਿਲਾ ਨਾ ਐਵੇਂ ਡਰਿਆ ਕਰ।
ਹੁਣ ਤਾਂ ਸਭ ਹਕੂਮਤ ਤੇਰੀ ਜੋ ਮਰਜ਼ੀ ਆ ਕਰਿਆ ਕਰ।

ਮੈਂ ਤਾਂ ਉਸ ਦਾ ਸਾਹ ਪੀ ਲਵਾਂ ਜਿਸ ਮੈਨੂੰ ਅਟਕਾਇਆ ਉਹ।
ਜੇਹੜਾ ਮਾਰੇ... ...

9

ਆਸਾਂ ਦੇ ਉਹ ਮਹਿਲ ਉਸਾਰੇ ਤੇ ਖ਼ਿਆਲੀਂ ਖੀਰ ਪਕਾਉਂਦਾ ਸੀ।
ਕੇਸੀ ਨਹਾ ਕੇ ਮਾਲਸ਼ ਕੀਤੀ ਰੱਜ ਕੇ ਪੀਣੀ ਚਾਹੁੰਦਾ ਸੀ।
'ਜੋਗੀ ਸਿੰਘ' ਦਲੀਲਾਂ ਕਰਦਾ ਪਿੰਡ ਦੇ ਨੇੜੇ ਆਇਆ ਉਹ।
ਜਿਹੜਾ ਮਾਰੇ ਜ਼ੈਲਦਾਰ ਨੂੰ ਅਜੇ ਨਹੀਂ ਮਾਂ ਨੇ ਜਾਇਆ ਉਹ।

ਜ਼ੈਲਦਾਰ ਸੋਚ ਰਿਹਾ ਸੀ ਕਿ ਜੇ ਸੱਚ ਹੀ ਕਿਤੇ ਬੱਬਰ ਅਕਾਲੀ ਆਣ ਪਹੁੰਚੇ ਤਾਂ ਕੀ ਬਣੂੰ। ਰਸਤੇ ਵਿਚ ਤੁਰੇ ਆਉਂਦਿਆਂ ਜ਼ੈਲਦਾਰ ਨੂੰ ਆਵਾਜ਼ ਪਈ, "ਜ਼ੈਲਦਾਰ ਸਾਹਿਬ, ਜ਼ਰਾ ਰੁਕ ਜਾਣਾ।"

ਜ਼ੈਲਦਾਰ ਨੂੰ ਸਮਝਣ ਵਿਚ ਗ਼ਲਤੀ ਨਾ ਲੱਗੀ ਕਿ ਐਸੀ ਆਵਾਜ਼ ਕੌਣ ਮਾਰਦੇ ਹੁੰਦੇ ਹਨ। ਪਰ ਫਿਰ ਵੀ ਪੂਰਾ ਪਤਾ ਕਰਨ ਵਾਸਤੇ ਬੋਲਿਆ, "ਕੌਣ ਹੈ?"

ਅੱਗੋਂ ਬੱਬਰ ਜਵਾਨਾਂ ਨੇ ਇਸ ਤਰ੍ਹਾਂ ਆਪਣੀ ਜਾਣ-ਪਛਾਣ ਕਰਾਈ:

## ਕੋਰੜਾ

1

ਬੱਬਰਾਂ ਨੇ ਜਦੋਂ ਮਾਰੇ ਲਲਕਾਰੇ ਸੀ।
ਮਾਲਕ ਤੇ ਕੰਮੀ ਘਾਬਰੇ ਵਿਚਾਰੇ ਸੀ।
ਹੋ ਕੇ ਰਹਿੰਦੇ ਕੰਮ ਜੋ ਗੁਰੂ ਨੂੰ ਭਾਉਂਦੇ ਨੇ।



ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

2

ਗਿਣ ਗਿਣ ਸਾਰੇ ਬਦਲੇ ਚੁਕਾਉਣਗੇ।
ਝੋਲੀ ਚੁੱਕ ਮਾਰ ਕੇ ਮੁਕਾਉਣਗੇ।
ਤੇਰੇ ਜਿਹਾਂ ਨੂੰ ਲੱਭ ਲੱਭ ਕੇ ਮੁਕਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

3

ਅਸੀਂ ਤੁਰੇ ਕਾਲ ਦੀ ਧਿਆਨੀ ਭਰ ਕੇ।
ਆਇਆ ਏਂ ਤੂੰ ਖੂਹ 'ਤੇ ਇਸ਼ਨਾਨ ਕਰ ਕੇ।
ਕੱਢ ਪਿਸਤੌਲ ਵਿਚ ਗੋਲੀ ਪਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

4

ਜ਼ੈਲਦਾਰ ਡਰ ਸਹਿਮ ਕੇ ਖਲੋ ਗਿਆ।
ਤੇ ਘੁੱਲਾ ਤੇਲੀ ਰਾਹ ਤੋਂ ਦੂਜੇ ਪਾਸੇ ਹੋ ਗਿਆ।
ਤੇ ਝੋਲੀ ਚੁੱਕ ਬੰਦੇ ਸਦਾ ਪਛਤਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

5

ਪਲ ਪਹਿਲਾਂ ਜਿਹੜੇ ਮੁੱਛੀਂ ਤੇਲ ਪਾਉਂਦਾ ਸੀ।
ਬਚ ਰਹਿਣ ਵਾਸਤੇ ਉਹ ਹਾੜੇ ਪਾਉਂਦੇ ਸੀ।
ਜੁੜੇ ਹੋਏ ਹੱਥ ਜਾਨ ਨਾ ਬਚਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

6

ਕਰਨੀ ਅਸਾਂ ਨੇ ਮਿਥੀ ਰਾਖੀ ਦੇਸ਼ ਦੀ।
ਖ਼ੁਸ਼ੀ 'ਚ ਮਨਾਣੀ ਹੈ ਵਿਸਾਖੀ ਦੇਸ਼ ਦੀ।
ਹਾਣੀ ਨਾਲ ਹਾਣ ਹੱਸ ਕੇ ਮਚਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

7

ਰਾਮ ਸਿੰਘ ਆਖੇ ਨੱਸਣਾ ਤਾਂ ਨੱਸ ਲੈ।
ਜਾਨ ਤੇਰੀ ਛੱਡਣੀ ਨਹੀਂ ਸਾਡੇ ਵੱਸ ਲੈ।
ਆਗੂਆਂ ਦਾ ਯੋਧੇ ਹੁਕਮ ਵਜਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

8

ਜ਼ੈਲਦਾਰ ਹੱਥ ਜੋੜ ਪਾਵੇ ਵਾਸਤੇ।
ਜਾਨ ਦਿਓ ਬਖ਼ਸ਼ ਮਿਹਰ ਕਰੋ ਦਾਸ 'ਤੇ।
'ਜੋਗੀ ਸਿੰਘਾ' ਫ਼ਤਹਿ ਸੂਰਮੇ ਬੁਲਾਉਂਦੇ ਨੇ।
ਜ਼ੈਲਦਾਰਾ ਬੱਬਰ ਅਕਾਲੀ ਆਉਂਦੇ ਨੇ।

ਜ਼ੈਲਦਾਰ ਬਿਸ਼ਨ ਸਿੰਘ ਦੀ ਛਾਤੀ ਵਿਚ ਦੋ ਗੋਲੀਆਂ ਲੱਗੀਆਂ। ਤੇਲੀਆਂ ਦਾ ਮੁੰਡਾ ਘੁੱਲਾ ਤਾਂ ਆਵਾਜ਼ ਸੁਣ ਕੇ ਹੀ ਪਿਛਾਂਹ ਨੱਸ ਗਿਆ। ਜ਼ੈਲਦਾਰ ਮੂਧੇ ਮੂੰਹ ਧਰਤੀ 'ਤੇ ਡਿੱਗ ਪਿਆ। ਮਾਰਨ ਵਾਲਿਆਂ ਨੇ ਨੇੜੇ ਹੋ ਕੇ ਇਸ ਨੂੰ ਸਿੱਧਾ ਲਿਟਾ ਕੇ ਇਸ ਦੀ ਛਾਤੀ ਉੱਤੇ ਇਕ ਚਿੱਠੀ ਰੱਖੀ ਅਤੇ ਆਪ ਮਿਥੇ ਹੋਏ ਪ੍ਰੋਗਰਾਮ



ਮੁਤਾਬਿਕ ਆਪਣੇ ਰਾਹ ਪੈ ਗਏ।

ਪਿੰਡ ਵਿਚ ਜ਼ੈਲਦਾਰ ਦੇ ਕਤਲ ਦੀ ਖ਼ਬਰ ਘੁੱਲੇ ਤੇਲੀ ਦੇ ਮੁੰਡੇ ਨੇ ਜਾ ਦੱਸੀ। ਜ਼ੈਲਦਾਰ ਦਾ ਪੁੱਤਰ ਘੋੜੀ 'ਤੇ ਕਾਠੀ ਪਾ ਕੇ ਅਸਵਾਰ ਹੋ ਕੇ ਪੰਧ ਮੁਕਾ ਕੇ ਕਪੂਰਥਲੇ ਜਾ ਪੁੱਜਾ। ਥਾਣੇਦਾਰ ਨੂੰ ਸਾਰੀ ਗੱਲ ਦੱਸੀ। ਥਾਣੇਦਾਰ ਨੇ ਕਪਤਾਨ ਨੂੰ ਟੈਲੀਫ਼ੋਨ ਕੀਤਾ। ਕਪਤਾਨ ਦੇ ਨਾਲ ਮੰਗਲ ਸਹਾਏ ਚੌਧਰੀ, ਅੰਗਰੇਜ਼ ਦਾ ਟੋਡੀ ਅਤੇ ਜ਼ੈਲਦਾਰ ਦਾ ਯਾਰ ਵੀ ਤੁਰ ਪਿਆ। ਪੁਲਿਸ ਆ ਗਈ। ਥਾਣੇਦਾਰ ਨੇ ਚਿੱਠੀ, ਜਿਹੜੀ ਕਿ ਜ਼ੈਲਦਾਰ ਦੀ ਛਾਤੀ 'ਤੇ ਪਈ ਸੀ, ਚੁੱਕੀ ਅਤੇ ਪੜ੍ਹਨ ਤੋਂ ਪਹਿਲਾਂ ਹੀ ਜੇਬ ਵਿਚ ਪਾ ਲਈ।

ਆਉਂਦੇ ਸਾਰ ਹੀ ਕਪਤਾਨ ਨੂੰ ਚਿੱਠੀ ਦਿੱਤੀ ਗਈ। ਕਪਤਾਨ ਸਾਹਿਬ ਨੇ ਚਿੱਠੀ ਪੜ੍ਹਨੀ ਸ਼ੁਰੂ ਕੀਤੀ ਜੋ ਇਸ ਪ੍ਰਕਾਰ ਸੀ :

## ਨਵਾਂ ਹੁਲਾਰਾ ਛੰਦ

1

ਚਿੱਠੀ ਪੜ੍ਹਦਾ ਸੀ ਕਪਤਾਨ
ਦਿਲ ਕੰਬਦਾ ਹੋਵੇ ਹੈਰਾਨ
ਕਹਿੰਦਾ ਮੁੱਠ ਵਿਚ ਆ ਗਈ ਜਾਨ
ਅੱਗੇ ਮੌਕਾ ਸਿਰ ਤੋਂ ਟਲਦਾ ਰਿਹਾ।
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।
ਇਹਨੂੰ ਤਾਂ ਬਈ... ...

2

ਇਹ ਜ਼ੈਲਦਾਰ ਝੋਲੀ ਚੁੱਕ ਸੀ,
ਗਿਆ ਅੰਨ ਜਲ ਇਸ ਦਾ ਮੁੱਕ ਸੀ
ਇਹਦੀ ਮੌਤ ਨਾ ਸਕਦੀ ਰੁਕ ਸੀ।
ਗੱਲ ਝੂਠ ਨਹੀਂ ਸੱਚ ਨਿਤਾਰਨਗੇ
ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

3

ਇਨ ਇੱਜ਼ਤਾਂ ਕਈਆਂ ਦੀਆਂ ਲੁੱਟੀਆਂ
ਜੜ੍ਹਾਂ ਆਪ ਆਪਣੀਆਂ ਪੁੱਟੀਆਂ
ਰਗਾਂ ਇਨ ਮਾੜਿਆਂ ਦੀਆਂ ਘੁੱਟੀਆਂ
ਬਣ ਸਾਧ ਅੰਗੂਰੀ ਚਰਦਾ ਰਿਹਾ
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।
ਇਹਨੂੰ ਤਾਂ ਬਈ... ...

4

ਇਹਨੇ ਗਈ ਨਾਜਾਇਜ਼ ਮਰਵਾਏ
ਕਈ ਫਾਂਸੀ ਨਾਜਾਇਜ਼ ਚੜ੍ਹਵਾਏ
ਹੁਣ ਮਰਦ ਮੈਦਾਨ 'ਚ ਆਏ
ਜਿਵੇਂ ਹੋਵੇਗੀ ਗੱਲ ਸਾਰਨਗੇ।



ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

5

ਪੱਕੀ ਇਸ ਦੀ ਗੋਰੇ ਨਾਲ ਯਾਰੀ
ਇਹ ਕਰਦਾ ਰਿਹਾ ਮੱਕਾਰੀ
ਅਸਾਂ ਨੱਥਿਆ ਸਾਨ੍ਹ ਸਰਕਾਰੀ
ਸਾਡੇ ਲਹੂ ਦੇ ਘੁੱਟ ਇਹ ਭਰਦਾ ਰਿਹਾ।
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।
ਇਹਨੂੰ ਤਾਂ ਬਈ... ...

6

ਇਨ ਹੱਸਦੇ ਫੁੱਲ ਕਈ ਤੋੜੇ
ਚੜ੍ਹ ਹਉਮੈ ਆਸ ਦੇ ਘੋੜੇ
ਅਸਾਂ ਮੂਲ ਵਿਆਜ ਤਾਂ ਮੋੜੇ
ਵੈਰੀ ਨੂੰ ਨਹੀਂ ਵਿਸਾਰਨਗੇ।
ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

7

ਮੇਰੇ ਪਰਜਾ ਦੇ ਹਿਤਕਾਰੀ

ਪਾਵੇ ਆਪਣੀ ਉੱਚੀ ਅਟਾਰੀ
ਨਹੀਂ ਛੱਡਣੇ ਅਸਾਂ ਮੱਕਾਰੀ
ਮੂੰਹੋਂ ਮੰਗੀਆਂ ਮੰਗਾਂ ਇਹ ਵਰਦਾ ਰਿਹਾ।
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।
ਇਹਨੂੰ ਤਾਂ ਬਈ... ...

8

ਆਏ ਰਣ ਵਿਚ ਬੱਬਰ ਅਕਾਲੀ
ਜਿਹਨਾਂ ਤਲੀ 'ਤੇ ਜਿੰਦ ਟਕਾ ਲੀ
ਗੱਲ ਨਹੀਂ ਖ਼ਤਰੇ ਤੋਂ ਖ਼ਾਲੀ।
ਹੁਣ ਸੱਚ ਤੇ ਝੂਠ ਨਿਤਾਰਨਗੇ।
ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

9

ਅਜੇ ਇਕ ਦੋ ਹੋਰ ਮੁਕਾਉਣੇ
ਸਿਰ ਚੜ੍ਹੇ ਹੁਦਾਰ ਨੇ ਲਾਹੁਣੇ
ਕੁਝ ਰਹਿੰਦੇ ਇਨਾਮ ਦਿਵਾਉਣੇ
ਬੇਦੋਸ਼ ਜ਼ਮਾਨਾ ਮਰਦਾ ਰਿਹਾ।
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।



ਇਹਨੂੰ ਤਾਂ ਬਈ... ...

10

ਇਹਦੀ ਲਾਸ਼ ਸੜਨ ਤੋਂ ਪਹਿਲੇ
ਨਹਿਲੇ 'ਤੇ ਵੱਜਣੇ ਦਹਿਲੇ
ਤੇ ਅਫ਼ਸਰ ਜੋ ਅਣਗਹਿਲੇ
ਝੂਠੇ ਸੱਚ ਦੇ ਸਾਹਮਣੇ ਹਾਰਨਗੇ।
ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

11

ਸਹੁੰ ਚੁੱਕ ਲਈ ਬਲਵਾਨਾਂ
ਚਮਕਾਉਣੀਆਂ ਦੇਸ਼ ਦੀਆਂ ਸ਼ਾਨਾਂ
ਚਮਕਾਉਣੀਆਂ ਭਾਰਤੀ ਸ਼ਾਨਾਂ
ਪਿੱਛੇ ਮਸਲਾ ਹਧੂਰਾ ਘਰ ਦਾ ਰਿਹਾ।
ਇਹਨੂੰ ਤਾਂ ਬੱਬਰਾਂ ਨੇ ਮਾਰਿਆ
ਇਹ ਦੁਸ਼ਟ ਵੱਢੀਆਂ ਭਰਦਾ ਰਿਹਾ।
ਇਹਨੂੰ ਤਾਂ ਬਈ... ...

12

ਕੋਈ ਲਾਸ਼ ਨਾਲ ਨਾ ਜਾਵੇ
ਮਤਾਂ ਫੇਰ ਪਿੱਛੋਂ ਪਛਤਾਵੇ
ਚਿੱਠੀ ਪੜ੍ਹ ਅਫ਼ਸਰ ਘਬਰਾਵੇ

ਸੱਚ 'ਜੋਗੀ' 'ਸਰੂਪ' ਉਚਾਰਨਗੇ
ਝੋਲੀ ਚੁੱਕ ਜੋ ਵਧੀਕੀਆਂ ਕਰਦੇ
ਹੁਣ ਬੱਬਰ ਇਹਨਾਂ ਨੂੰ ਮਾਰਨਗੇ
ਝੋਲੀ ਚੁੱਕ ਜੋ... ...

## ਸੀਨ 2

### ਇਕ ਹੋਰ ਸੂਰਮੇ ਦੀ ਸੁਪਤਨੀ ਦਾ ਸਿਦਕ ਤੇ ਇਕ ਝੋਲੀ ਚੁੱਕ ਦੀ ਮੌਤ

### ਕਹਾਣੀ

ਲੌਢੇ ਕੁ ਵੇਲੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਧਾਮੀਆਂ ਵਿਚ ਪੁਲਿਸ ਪੁੱਜੀ। ਇਹਨਾਂ ਨੇ ਸੰਤਾ ਸਿੰਘ ਬੱਬਰ ਅਕਾਲੀ ਦੇ ਘਰ ਦੀ ਤਲਾਸ਼ੀ ਕੀਤੀ। ਤਲਾਸ਼ੀ ਕਰਨ ਵਾਲਿਆਂ ਦੇ ਨਾਲ ਪਿੰਡ ਦਾ ਨੰਬਰਦਾਰ ਤਾਰਾ ਸਿੰਘ ਵੀ ਸੀ, ਜੋ ਬੇ-ਅੰਮ੍ਰਿਤੀਆ ਸੀ ਅਤੇ ਹੁੱਕਾ, ਤੰਬਾਕੂ, ਸ਼ਰਾਬ, ਨਸਵਾਰ, ਪੋਸਤ ਆਦਿ ਕੁਲ ਦੁਨੀਆਂ ਦੇ ਐਬ ਕਰਦਾ ਸੀ ਪਰ ਅੰਗਰੇਜ਼ ਦਾ ਝੋਲੀ ਚੁਕ ਹੋਣ ਕਰਕੇ ਨਾਮ ਆਪਣਾ ਤਾਰਾ ਸਿੰਘ ਹੀ ਕਹਾਉਂਦਾ ਸੀ, ਉਹ ਵੀ ਪੁਲਿਸ ਦੇ ਨਾਲ ਸੀ।

ਜਦੋਂ ਸਰਦਾਰ ਸੰਤਾ ਸਿੰਘ ਨਾ ਮਿਲਿਆ ਤਾਂ ਨੰਬਰਦਾਰ ਦੇ ਇਸ਼ਾਰੇ ਨਾਲ ਪੁਲਿਸ ਸੰਤਾ ਸਿੰਘ ਦੀ ਸੁਪਤਨੀ ਤੇਜ ਕੌਰ ਨੂੰ ਲੈ ਗਈ। ਰਾਤ ਪਤਾ ਨਹੀਂ ਉਸ ਨਾਲ ਕੀ ਬੀਤੀ। ਸਵੇਰੇ ਉਹ ਆਪਣੇ ਵਿਹੜੇ ਵਿਚ ਅਧਮੋਈ ਲਾਸ਼ ਬਣੀ ਪਈ ਸੀ। ਇਥੇ ਕੌਣ ਸੁੱਟ ਗਿਆ ਜਾਂ ਛੱਡ ਗਿਆ, ਇਹ ਕੋਈ ਪਤਾ ਨਹੀਂ।

ਪਿੰਡ ਦੀਆਂ ਸਿਆਣੀਆਂ ਔਰਤਾਂ ਨੂੰ ਉਸ ਨੇ ਆਪਣੀ ਸਾਰੀ



ਕਹਾਣੀ ਸੁਣਾਈ ਅਤੇ ਸਦਾ ਲਈ ਅੱਖਾਂ ਮੀਟ ਗਈ।

ਇਸ ਧਰਮਣ ਸਤਵੰਤੀ ਤੇ ਦੇਸ਼-ਹਿਤੂ ਤੀਵੀਂ ਦਾ ਸਸਕਾਰ ਕਰਨ ਵਾਸਤੇ ਸਾਰੇ ਪਿੰਡ ਦਾ ਪੱਗ-ਬੰਨ੍ਹ, ਨਵ-ਵਿਆਹੀਆਂ ਮੁਟਿਆਰਾਂ, ਗੱਲ ਕੀ ਸਾਰਾ ਪਿੰਡ ਮੜ੍ਹੀਆਂ ਵਿਚ ਇਸ ਤਰ੍ਹਾਂ ਸ਼ਾਮਲ ਹੋਇਆ :

### ਵੈਰਾਗ ਛੰਦ

1

ਅਣਤੋਲਿਆ ਬਾਲਣ ਸੁੱਟਿਆ ਸੀ,
ਵਿਚ ਪਿੰਡ ਧਾਮੀਆਂ ਦੀਆਂ ਮੜ੍ਹੀਆਂ ਦੇ।
ਜੋ ਦਰਦ ਕਹਾਣੀ ਬੀਤੀ ਸੀ,
ਹੋਏ ਜ਼ਿਕਰ ਸੀ ਬੀਤੀਆਂ ਘੜੀਆਂ ਦੇ।
ਇਹ ਆਖੀ ਗੱਲ ਸਿਆਣਿਆਂ ਨੇ,
ਰੱਯਤ ਨੂੰ ਰਾਜੇ ਖਾਂਦੇ ਨਹੀਂ।
ਪਰ ਅੱਜ ਜੋ ਰਾਖੇ ਰੱਯਤ ਦੇ,
ਲੋਕਾਂ ਦਾ ਭਲਾ ਕਮਾਂਦੇ ਨਹੀਂ।

2

ਦੁੱਖ ਭਰੀ ਵਾਰਤਾ ਬੀਤੀ ਦਾ,
ਸੀ ਸਾਰੇ ਪਿੰਡ ਵਿਚ ਸ਼ੋਰ ਪਿਆ।
ਸੁਖਾਂ ਵਿਚ ਵੱਸਦੀ ਦੇਵੀ ਨੂੰ,
ਆ ਕਿਧਰੋਂ ਪਾਪੀ ਚੋਰ ਪਿਆ।
ਸੀ ਔਰਤ ਬੱਬਰ ਅਕਾਲੀ ਦੀ,

ਜੋ ਸਹਿ ਕੇ ਜਬਰ ਤੇ ਮਰ ਰਹੀ ਸੀ।
ਸੀ ਸਾਰੇ ਪਿੰਡ ਹਨੇਰ ਪਿਆ,
ਸਭ ਦੁਨੀਆਂ ਹਉਕੇ ਭਰ ਰਹੀ ਸੀ।

3

ਪਿੰਡ ਚੜ੍ਹਿਆ ਸਾਰਾ ਮੜ੍ਹੀਆਂ ਵਿਚ,
ਪਿੰਡ ਵਿਚ ਨਾ ਬੁੱਢਾ ਬਾਲ ਰਿਹਾ।
ਸੀ ਸੋਗ ਮਨਾਇਆ ਜਾਨਵਰਾਂ ਨੇ,
ਪੱਠਿਆਂ ਤੋਂ ਭੁੱਖਾ ਮਾਲ ਰਿਹਾ।
ਅੱਧ ਅੰਗੀ ਸਵਾਣੀ ਮਰਦੀ ਦਾ,
ਸਵਾਮੀ ਵੀ ਉਥੇ ਆਇਆ ਸੀ।
ਜੋ ਮਰ ਗਈ ਮਾਰੀ ਵੈਰੀ,
ਕਿਸੇ ਸਾਰਾ ਹਾਲ ਸੁਣਾਇਆ ਸੀ।

4

ਪੱਤ ਲੱਥੀ ਦੇਸ਼ ਦੀ ਗਰਦਨ ਦੀ,
ਪਿੰਡ ਦੇ ਇਕ ਮੁਖੀ ਨੇ ਲੁਹਾਈ ਸੀ।
ਜੋ ਮੰਨਿਆ ਟਾਊਟ ਇਲਾਕੇ ਦਾ,
ਹਰ ਝੂਠੀ ਦਿੰਦਾ ਗਵਾਹੀ ਸੀ।
ਜਿਨ ਖੱਟਿਆ ਟਿੱਕਾ ਕਾਲਖ ਦਾ,
ਜੱਗ ਲਾਹਨਤ ਪਾਉਂਦਾ ਸਾਰਾ ਸੀ।
ਜੋ ਹਰ ਦਮ ਦੇਸ਼ ਦਾ ਵੈਰੀ ਸੀ,
ਉਂਜ ਮਾਂ ਨੇ ਜੰਮਿਆ ਤਾਰਾ ਸੀ।



5

ਇਸ ਦਰਦ ਭਰੀ ਵਿਜੋਗਣ ਨੂੰ,
ਜਿਸ ਬੰਦੇ ਨੇ ਮਰਵਾਇਆ ਸੀ।
ਸਾਰਾ ਪਿੰਡ ਸੋਗ ਮਨਾ ਰਿਹਾ ਸੀ,
ਪਰ ਉਸ ਨੇ ਸ਼ਗਨ ਮਨਾਇਆ ਸੀ।
ਲਹੂ ਜਿਸ ਦੇ ਮੂੰਹ ਨੂੰ ਲੱਗਾ ਸੀ,
ਉਸ ਨੇ ਕੀ ਭਲਾ ਕਮਾਉਣਾ ਏ।
ਠਾਣੇ ਜਾ ਦੱਸਿਆ ਟੋਡੀ ਨੇ,
ਸਾਡੇ ਪਿੰਡ ਬੱਬਰਾਂ ਨੇ ਆਉਣਾ ਏ।

6

ਇਸ ਪਤੀ ਪ੍ਰੇਮਣ ਰਾਣੀ ਦਾ,
ਪਤੀ ਆਇਆ ਅੰਤ ਦੇ ਦਰਸ਼ਨ ਨੂੰ।
ਜੋ ਸਿੱਕਾਂ ਸਿੱਕਦੀ ਤੁਰ ਗਈ ਸੀ,
ਛੋਹ ਚਰਨ ਤੱਤੀ ਦੇ ਤਰਸਨ ਨੂੰ।
ਲੱਕੜਾਂ ਤੇ ਗੋਹਿਆਂ ਨਾਲ ਜਦੋਂ,
ਰਲ ਹੱਥਾਂ ਬਾਹਵਾਂ ਚਿਣ ਦਿੱਤੀਆਂ।
ਪੜ੍ਹ ਕੀਰਤਨ ਸੋਹਿਲਾ ਭਾਈ ਨੇ,
ਅਰਦਾਸ 'ਚ ਗੱਲਾਂ ਗਿਣ ਦਿੱਤੀਆਂ।

7

ਜਦੋਂ ਲਾਂਬੂ ਲੱਗਾ ਬਾਲਣ ਨੂੰ,
ਹਰ ਇਕ ਛਾਤੀ ਧੜਕ ਪਈ।

ਕੀ ਵੇਖਣ ਘੋੜ ਸਵਾਰਾਂ ਦੀ,
ਇਕ ਟੋਲੀ ਆਣ ਕੇ ਕੜਕ ਪਈ।
ਅਰਥੀ ਨਾਲ ਏਨੀ ਦੁਨੀਆਂ ਕਿਉਂ,
ਇਹ ਸਭ ਨੂੰ ਗੱਲ ਸੁਣਾਉਣੀ ਪਊ।
ਜੋ ਮਦਦ ਕਰਦੇ ਬੱਬਰਾਂ ਦੀ,
ਉਹਨਾਂ ਨੂੰ ਜਾਨ ਗਵਾਉਣੀ ਪਊ।

8

ਦੱਸ ਲੰਬੜਾ ਬਾਗ਼ੀ ਕਿਹੜੇ ਨੇ,
ਇਉਂ ਠਾਣੇਦਾਰ ਫ਼ੁਰਮਾਉਣ ਲੱਗਾ।
ਐਨਿਆਂ ਵਿਚੋਂ ਕੋਈ ਖਿਸਕੇ ਨਾ,
ਸਭਨਾਂ ਨੂੰ ਘੂਰ ਡਰਾਉਣ ਲੱਗਾ।
ਆ ਥਾਣੇਦਾਰ ਨੂੰ ਇਕ ਜਣੇ,
ਕੁਝ ਕੰਨ ਵਿਚ ਆਖ ਸੁਣਾਇਆ ਏ।
ਕੋਈ ਮੰਤਰ ਮਾਰਿਆ ਕਾਲੀ ਦਾ,
ਪਲ ਵਿਚ ਹੈਵਾਨ ਬਣਾਇਆ ਏ।

9

ਜੋ ਅਫ਼ਸਰ ਪੁਲਿਸ ਦੇ ਹੁੰਦੇ ਨੇ,
ਨਹੀਂ ਸੋਚਦੇ ਹੁਕਮ ਵਜਾਉਂਦੇ ਨੇ।
ਉਹ ਸੋਚਣ-ਸ਼ਕਤੀ ਘੱਟ ਰੱਖਦੇ,
ਆਰਡਰ ਨਾਲ ਕਦਮ ਉਠਾਉਂਦੇ ਨੇ।
ਝੱਟ ਸੁਣ ਕੇ ਖ਼ੁਫ਼ੀਆ ਗੱਲ ਕੋਈ,



ਲੈ ਪੁਲਿਸ ਨੂੰ ਅਫ਼ਸਰ ਗਿਆ ਸੀ।
'ਜੋਗੀ ਸਿੰਘ' ਅਗਲਾ ਹਾਲ ਲਿਖੂ,
ਜਿਵੇਂ ਢੇਲਾ ਪਾਪ ਦਾ ਖੁਰ ਗਿਆ ਸੀ।

ਇਸ ਤੋਂ ਅੱਗੇ ਗਰੰਥੀ ਬਾਬੇ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਬੀਬੀ ਤੇਜ ਕੌਰ ਦਾ ਪਤੀ ਜੋ ਬਦਲੇ ਭੇਸ ਵਿਚ ਸੰਨਿਆਸੀ ਦੇ ਰੂਪ ਵਿਚ ਹਾਜ਼ਰ ਸੀ, ਉਸ ਨੇ ਸਣ ਦਾ ਗਰਨਾ ਫੜ ਕੇ ਲੰਬੂ ਲਾ ਦਿੱਤਾ। ਅੱਗ ਮੱਚਣ ਹੀ ਵਾਲੀ ਸੀ ਜਦੋਂ ਪੁਲਿਸ ਦੀ ਧਾੜ ਘੋੜ ਅਸਵਾਰ ਸਮੇਤ ਲੰਬੜ ਤਾਰੇ ਦੇ ਮੜ੍ਹੀਆਂ ਨੂੰ ਆਣ ਕੇ ਘੇਰਾ ਪਾ ਖਲੋਤੀ। ਪਿੰਡ ਦੇ ਸਿਆਣੇ ਬੰਦਿਆਂ ਅੱਗੇ ਹੋ ਕੇ ਮੀਆਂ ਇਸਮਾਈਲ ਠਾਣੇਦਾਰ ਨੂੰ ਕਿਹਾ, "ਖ਼ਾਨ ਜੀ, ਮੜ੍ਹੀਆਂ ਵਿਚ ਆ ਕੇ ਕਿਸੇ ਬੰਦੇ ਨੂੰ ਡਰਾਉਣਾ ਕੁਦਰਤ ਦੇ ਕਾਨੂੰਨ ਦੇ ਉਲਟ ਹੈ।"

ਠਾਣੇਦਾਰ ਨੇ ਮੱਥੇ 'ਤੇ ਤਿਊੜੀ ਪਾ ਕੇ ਕਿਹਾ, "ਹੁਣ ਮੜ੍ਹੀਆਂ ਵਿਚ ਗੋਲੀ ਚੱਲੇਗੀ, ਪਿੰਡ ਸਾੜ ਕੇ ਸਵਾਹ ਕੀਤਾ ਜਾਵੇਗਾ। ਤੁਸੀਂ ਅੰਗਰੇਜ਼ ਦੇ ਵੈਰੀਆਂ ਨੂੰ ਸ਼ਹਿ ਦਿੰਦੇ ਹੋ।"

ਪਿੱਛੇ ਤੱਕ ਕੇ ਥਾਣੇਦਾਰ ਨੇ ਲੰਬੜਦਾਰ ਨੂੰ ਇਸ਼ਾਰਾ ਕੀਤਾ, "ਵੇਖ ਲੰਬੜਾ, ਬੱਬਰ ਅਕਾਲੀ ਕਿਥੇ ਨੇ?"

ਏਨੇ ਨੂੰ ਇਕ ਨੌਜਵਾਨ ਨੇ ਪੁਲਿਸ ਇੰਸਪੈਕਟਰ ਦਾ ਚਿੰਨ੍ਹ ਵਿਖਾ ਕੇ ਠਾਣੇਦਾਰ ਨੂੰ ਹੁਕਮ ਕੀਤਾ ਕਿ ਬੱਬਰ ਏਧਰ ਨੂੰ ਚਲੇ ਗਏ ਹਨ, ਪਿੱਛਾ ਕਰੋ ਤਾਂ ਸ਼ਾਇਦ ਫੜੇ ਜਾਣ।

ਠਾਣੇਦਾਰ ਬੰਦੇ ਲੈ ਕੇ ਚੱਲਦਾ ਹੋਇਆ। ਬੱਬਰਾਂ ਦਾ ਵੈਰੀ ਲੰਬੜ ਮੜ੍ਹੀਆਂ ਵਿਚ ਰਹਿ ਗਿਆ। ਉਸ ਨੂੰ ਚਿਖਾ ਵਿਚੋਂ ਨਿਕਲੇ

ਧੂੰਏਂ ਵਿਚੋਂ ਮਰਨ ਵਾਲੀ ਦਾ ਬੁੱਤ ਇਉਂ ਕਹਿੰਦਾ ਜਾਪਿਆ:

## ਬੈਂਤ

ਨੰਬਰਦਾਰ ਦੇ ਕੰਨਾਂ ਨੇ ਇਉਂ ਸੁਣਿਆ,
ਵਾਜਾਂ ਲੰਬੜਾ ਹੋਣੀ ਰਹੀ ਮਾਰ ਤੈਨੂੰ।
ਤੇਜ ਕੌਰ ਦਾ ਬੁੱਤ ਇਉਂ ਕਹਿ ਰਿਹਾ ਸੀ,
ਸਾਰੇ ਲੋਕ ਨੇ ਪਾਉਂਦੇ ਫਿਟਕਾਰ ਤੈਨੂੰ।
ਦੇਸ਼ ਭਗਤਾਂ 'ਤੇ ਸਖ਼ਤੀਆਂ ਹੁੰਦੀਆਂ ਨੇ,
ਹੋਣਾ ਚਾਹੀਦਾ ਸੀ ਸ਼ਰਮਸਾਰ ਤੈਨੂੰ।
ਤੇਰਾ ਜੱਗ 'ਚੋਂ ਚੋਗ ਨਿਖੁੱਟ ਗਿਆ,
ਬਖ਼ਸ਼ ਸਕੇਗਾ ਨਾ ਬਖ਼ਸ਼ਣਹਾਰ ਤੈਨੂੰ।
ਜੀਹਦੇ ਫੜਨ ਲਈ ਪੁਲਿਸ ਨੂੰ ਚਾੜ੍ਹ ਲਿਆਂਦੀ,
ਦੁਨੀਆਂ ਜਾਪਦੀ ਚੋਰ ਮੱਕਾਰ ਤੈਨੂੰ।
ਹੋਈ ਧਰਮ ਦੀ ਬੇਸਤੀ ਪਾਪੀਆ ਵੇ,
ਜਮ ਖੜਨਗੇ ਨਰਕ ਵਿਚਕਾਰ ਤੈਨੂੰ।
ਨੂੰਹਾਂ ਹੁੰਦੀਆਂ ਨੇ ਪੱਤ ਨਗਰ ਦੀ,
ਕਰਨੀ ਚਾਹੀਦੀ ਸੀਗੀ ਵਿਚਾਰ ਤੈਨੂੰ।
ਝੋਲੀ ਚੁੱਕ ਅੰਗਰੇਜ਼ ਦੇ ਪਾਪੀਆ ਵੇ,
ਦੇਣੇ ਪੈਣਗੇ ਇਕ ਦੇ ਚਾਰ ਤੈਨੂੰ।
ਝੋਲੀ ਚੁੱਕਾਂ ਦੀ ਸਫ਼ਾ ਵਲ੍ਹੇਟ ਦੇਣੀ,
ਦੱਸ ਦਿੱਤਾ ਏ ਸੱਚ ਨਿਤਾਰ ਤੈਨੂੰ।



ਗੋਰੇ ਕੋਲੋਂ ਜੋ ਤੈਨੂੰ ਇਨਾਮ ਤਰਨਾ,
ਆਏ ਮਾਇਆ ਦੇਣ ਭੰਡਾਰ ਤੈਨੂੰ।
ਦੇਸ਼ ਭਗਤਾਂ ਨੂੰ ਜੇਲ੍ਹਾਂ ਦੇ ਵਿਚ ਭੇਜੇਂ,
ਚੰਗੇ ਲੱਗਦੇ ਨੇ ਗੋਰੇ ਯਾਰ ਤੈਨੂੰ।
ਫਲ ਭੈੜਿਆਂ ਕਰਮਾਂ ਦਾ ਪਊ ਖਾਣਾ,
ਹੁਣ ਜ਼ਿੰਦਗੀ ਦੇਵੇਗੀ ਹਾਰ ਤੈਨੂੰ।
ਤੈਨੂੰ ਨਰਕ ਅੰਦਰ ਵਾਜਾਂ ਪੈਂਦੀਆਂ ਨੇ,
ਤੇਰੇ ਛੱਡ ਗਏ ਸਿਪਾਹ ਸਲਾਹ ਤੈਨੂੰ।
ਕਰ ਕੇ ਦੇਸ਼ ਧਰੋਹ ਇਨਾਮ ਲੈਣੇ,
ਭੈੜੀ ਕਿਸ ਨੇ ਦੱਸੀ ਹੈ ਕਾਰ ਤੈਨੂੰ।
ਦਿਨੇ ਰਾਤ ਗ਼ਰੀਬ ਦਾ ਖ਼ੂਨ ਪੀਣਾ,
ਹੁਣ ਕੋਈ ਸੱਦ ਰੱਖ ਮਦਦਗਾਰ ਤੈਨੂੰ।
ਕਿਸੇ ਉੱਚੀ ਨਾਲ ਆਖਿਆ ਪਾਰਿਆ ਵੇ,
ਅਜੇ ਲੱਗੀ ਨਾ 'ਜੋਗੀ' ਦੀ ਸਾਰ ਤੈਨੂੰ।

## ਬੈਂਤ

ਫੇਰ ਰਗਾਂ ਤੋਂ ਕਿਸੇ ਨੇ ਆਣ ਫੜਿਆ,
ਜ਼ਰਾ ਠਹਿਰ ਜਾ ਕਿਧਰ ਨੂੰ ਜਾਣਾ ਏਂ ਤੂੰ।
ਜਿੰਨੇ ਕਹੇਂ ਮੁਰੱਬੇ ਇਨਾਮ ਦੇਈਏ,
ਜੋ ਕੁਝ ਨਾਲ ਆਰਾਮ ਦੇ ਖਾਣਾ ਏਂ ਤੂੰ।
ਵਫ਼ਾਦਾਰ ਤੂੰ ਪੁੱਤ ਅੰਗਰੇਜ਼ ਦਾ ਏਂ,

ਨੇਕ ਬਖ਼ਤ ਵੱਡਾ ਬੀਬਾ ਰਾਣਾ ਏਂ ਤੂੰ।
ਖੇਚਲ ਬੱਬਰ ਫੜਾਉਣ ਦੀ ਬੜੀ ਕੀਤੀ,
ਸਾਨੂੰ ਪਤਾ ਲੱਗਾ ਦਿਲੋਂ ਕਾਣਾ ਏਂ ਤੂੰ।
ਏਨੀ ਗੱਲ ਦੇ ਪਿੱਛੋਂ ਖੜਾਕ ਹੋਇਆ,
ਗੋਲੀ ਵੱਜਦਿਆਂ ਦਮ ਉਡਾਰ ਹੋ ਗਏ।
ਬਲਦੀ ਚਿਖਾ ਵਿਚ ਸੁੱਟ ਬੇਗ਼ੈਰਤੇ ਨੂੰ,
'ਜੋਗੀ ਸਿੰਘਾ' ਦਲੇਰ ਫ਼ਰਾਰ ਹੋ ਗਏ।

## ਸੀਨ 3

ਹੋਰ ਕੀ ਹੋਇਆ ? ਸਮਾਂ ਬੀਤਦਾ ਗਿਆ, ਧਾਮੀਆਂ ਵਿਚ ਤਾਰੇ ਲੰਬੜ ਨੂੰ ਕਤਲ ਕਰਨ ਵਾਲਿਆਂ ਦਾ ਕੋਈ ਥਹੁ-ਪਤਾ ਨਾ ਲੱਗਾ। ਸਮਾਂ ਪਾ ਕੇ ਕਪੂਰਥਲੇ ਦੀ ਪੁਲਿਸ ਦੇ ਆਈ.ਜੀ. ਨੂੰ ਇਤਲਾਹ ਮਿਲੀ ਕਿ ਸੂਬੇਦਾਰ ਗੇਂਦਾ ਸਿੰਘ ਮਾਣੋ ਕੇ ਘੜਿਆਲ ਵਾਲੇ ਦੇ ਪੁੱਤਰ ਦੀ ਰਾਹੀਂ ਕਿ ਤਾਰੇ ਲੰਬੜ ਦੇ ਕਾਤਲ ’ਤੇ ਅੰਗਰੇਜ਼ ਦੇ ਖ਼ਿਲਾਫ਼ ਲੜਨ ਵਾਲੇ ਬੱਬਰ ਸ਼ਿਵ ਸਿੰਘ ਬਬਰੀ ਵਾਲੇ ਦੀ ਹਵੇਲੀ ਵਿਚ ਅੱਜ ਕੋਈ ਹੋਰ ਮਾਰ ਮਾਰਨ ਦਾ ਇਰਾਦਾ ਬਣਾ ਰਹੇ ਹਨ।

ਫਿਰ ਕੀ ਸੀ ? 1 ਨਵੰਬਰ 1922 ਨੂੰ ਪੁਲਿਸ ਨੇ ਬਬੇਲ ਪਿੰਡ ਨੂੰ ਇਸ ਤਰ੍ਹਾਂ ਘੇਰਾ ਆਣ ਪਾਇਆ :



## ਬੱਬਰਾਂ ਦੀ ਪੁਲਿਸ ਨਾਲ ਟੱਕਰ

### ਕਲੀ

ਘੇਰਾ ਪਾ ਲਿਆ ਪੁਲਿਸ ਨੇ ਆ ਪਿੰਡ ਬਬੇਲੀ ਨੂੰ,
ਏਥੇ ਬੱਬਰਾਂ ਦੀ ਹੈ ਦੱਸ ਕਿਸੇ ਨੇ ਪਾਈ।
ਦੇਬ ਸ਼ਿਵ ਸਿੰਘ ਦੇ ਘਰ ਬੱਬਰ ਸੁਣੀਂਦੇ ਆਏ ਨੇ,
ਗੇਂਦਾ ਸਿੰਘ ਦੇ ਪੁੱਤਰ ਸੂਹ ਪੁਲਿਸ ਨੂੰ ਲਾਈ।
ਕੀਤਾ ਹੁਕਮ ਅਫ਼ਸਰਾਂ ਫ਼ਾਇਰ ਕਰ ਦਿਓ ਰਫ਼ਲਾਂ ਦੇ,
ਬੱਬਰ ਲੋਕਾਂ ਨੇ ਹੈ ਸਾਡੀ ਰੱਤ ਸੁਕਾਈ।
ਹੱਥੋਂ ਰਫ਼ਲਾਂ ਸੁੱਟ ਕੇ ਸ਼ਰਨ ਪੁਲਿਸ ਦੀ ਆ ਜਾਵੇ,
ਜਿਹੜਾ ਬੰਦਾ ਚਾਹੁੰਦਾ ਆਪਣੀ ਜਾਨ ਬਚਾਈ।
ਬੱਬਰਾਂ ਉੱਤਰ ਦਿੱਤਾ ਪੱਕੀ ਰਫ਼ਲ ਦੇ ਫ਼ਾਇਰਾਂ ਨਾਲ,
ਗੋਰਿਆ ਤੇਰੀ ਰੱਤ ਦੀ ਸਾਡੀ ਰਫ਼ਲ ਤਿਹਾਈ।
ਨਿਭਣੀ ਨਾਲ ਸਿਰਾਂ ਦੇ ਗੱਲ ਜੋ ਆਖੀ ਸੂਰਮਿਆਂ,
ਫਿਰ ਇਕ ਬੰਬ ਸੁੱਟਿਆ ਸਿੰਘ ਨਾਹਰੇ ਮਾਰ ਕੇ,
ਮਰਦ ਨਹੀਂ ਮਰਨੋਂ ਡਰਦੇ ਜਾਣੇ ਕੁਲ ਲੋਕਾਈ।
ਵੱਜਾ ਬੰਬ ਸਿਪਾਹੀ ਦੇ ਤਿੰਨ ਉੱਡ ਗਏ ਗੋਰੇ ਦੇ,
ਅਣਖੀ ਤੋੜ ਚੜ੍ਹਾਉਂਦੇ ਜੋ ਵੀ ਲਹਿਰ ਚਲਾਈ।
ਅਫ਼ਸਰ ਸੋਚਣ ਲੱਗ ਪਏ ਏਸ ਤਰ੍ਹਾਂ ਨੁਕਸਾਨ ਆ
ਹੁਣ ਗੱਲੀ ਰੋਕੀ ਜਾਵੇ ਤੜਕੇ ਹੋਵੇ ਲੜਾਈ।
ਦੁਰਗਾ ਦਾਸ ਆਈ.ਜੀ. ਵਰਗ ਸੀ ਕੁਝ ਸੋਚਦੇ,

ਅੱਗਿਉਂ ਫੇਰ ਜਵਾਬੀ ਬੱਬਰਾਂ ਗੱਲ ਹਿਲਾਈ।
ਆਖਿਆ ਉਦੇ, ਬਿਸ਼ਨ ਸਿੰਘ ਨੇ ਓਏ ਮਹਿੰਦਰ ਸਿੰਘਾ,
ਲੋਕੀਂ ਤਾਹਨੇ ਦੇਣਗੇ ਜੇ ਹੁਣ ਜਾਨ ਬਚਾਈ।
ਬਚਣਾ ਜੇ ਖ਼ਤਰੇ ਤੋਂ ਡਟ ਕੇ ਕਰੋ ਮੁਕਾਬਲਾ,
ਮਹਿੰਦਰ ਸਿੰਘ ਤੇ ਉਦੇ ਸਿੰਘ ਨੇ ਆਖ ਸੁਣਾਈ।
ਓਧਰ ਗੋਰਿਆਂ ਕਰੜੇ ਹੁਕਮ ਸੁਣਾਤੇ ਪੁਲਿਸ ਨੂੰ,
ਫੜਨਾ ਬੱਬਰਾਂ ਨੂੰ ਅੱਗੇ ਕੁਲ ਸਿਪਾਹੀ।
ਰਾਤ ਹਨੇਰੀ ਦੇ ਵਿਚ ਨਜ਼ਰ ਕੁਝ ਨਾ ਆਉਂਦਾ ਸੀ,
ਐਵੇਂ ਵੌੜਾਂ ਲੈ ਲੈ ਕੇ ਗੋਲੀ ਚਲਾਈ।
ਪਿੰਡ ਦੇ ਲੋਕੀਂ ਡਰਦੇ ਮਾਰੇ ਸਾਰੇ ਸਹਿਮੇ ਸੀ,
ਕਿਉਂਕਿ ਹਰ ਪਾਸੇ ਸੀ ਗੋਲੀਆਂ ਛਹਿਬਰ ਲਾਈ।
ਦਿਲ ਪਏ ਡੋਲ ਰਹੇ ਸੀ ਸੱਜ ਵਿਆਹੇ ਜੋੜਿਆਂ ਦੇ,
ਕਹਿੰਦੇ ਕੱਠੇ ਮਰੀਏ ਪਾਵੇ ਨਾ ਮੌਤ ਜੁਦਾਈ।
ਏਨੇ ਚਿਰ ਨੂੰ ਗੋਲੀ ਵੱਜੀ ਬਿਸ਼ਨ ਸਿੰਘ ਮਾਂਗਟ ਨੂੰ
ਭਾਊ ਮੈਂ ਜਾ ਰਿਹਾ ਹਾਂ ਸਭ ਨੂੰ ਫ਼ਤੇਹ ਬੁਲਾਈ।
ਪਿੱਛੋਂ ਮਹਿੰਦਰ ਸਿੰਘ ਤੇ ਕਰਮ ਸਿੰਘ ਜਿਹੇ ਸੂਰਮੇ,
ਅਣਖ ਆਜ਼ਾਦੀ ਉਤੋਂ ਕਰ ਗਏ ਹੁਸਨ ਲੁਟਾਈ।
ਉਦੈ ਸਿੰਘ ਨੇ ਬਾਕੀ ਨਾਲ ਦਿਆਂ ਨੂੰ ਆਖ ਦਿੱਤਾ,
ਤੁਸੀਂ ਨਿਕਲ ਜਾਓ ਹੁਣ ਏਸੇ ਵਿਚ ਭਲਾਈ।
ਸੋਚ ਬਣਾ ਕੇ ਇਥੋਂ ਨਿਕਲ ਤੁਰੇ ਤਿੰਨ ਸੂਰਮੇ,
ਜਿਹਨਾਂ ਦੀ ਕਰਦਾ ਰਾਮ ਸਿੰਘ ਅਗਵਾਈ।



ਗੋਲੀ ਚੱਲਦੀ ਵਿਚੋਂ ਦੂਰ ਨਿਕਲ ਗਏ ਸੂਰਮੇ,
ਸੁਣਨ ਖਲੋ ਕਰ ਕੇ ਰਿਹਾ ਉਦੈ ਸਿੰਘ ਲੜਾਈ।
ਜਦ ਤਕ ਰਹੇ ਸੁਆਸ ਉਹ ਸ਼ੇਰ ਉਦੋਂ ਤਕ ਲੜਦਾ,
'ਜੋਗੀ' ਕਹੇ ਕਵੀਸ਼ਰ ਦੇਵੇ ਇਤਿਹਾਸ ਗਵਾਹੀ।

ਬਚਦੇ ਬੱਬਰ ਅਕਾਲੀ ਪੁਲਿਸ ਦੀ ਮਾਰ ਥੱਲਿਉਂ ਨਿਕਲ ਗਏ। ਗੋਲੀ ਚੱਲਣੋਂ ਰੁਕ ਗਈ। ਪੁਲਿਸ ਨੇ ਸੁਖ ਦਾ ਸਾਹ ਲਿਆ। ਬਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ, ਕਰਮ ਸਿੰਘ ਤੇ ਉਦੇ ਸਿੰਘ ਰਾਮਗੜ੍ਹੀਆ ਸ਼ਹੀਦ ਹੋ ਗਏ।

ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਸ਼ਿਵ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਤੇ ਇਉਂ ਧਮਕੀ ਦੇਣਾ ਸ਼ੁਰੂ ਕੀਤੀ :

## ਕਬਿੱਤ

ਫੜ ਲਿਆ ਪੁਲਿਸ ਨੇ ਸੀ ਸ਼ਿਵ ਸਿਹੁੰ ਬਬੇਲੀ ਵਾਲਾ,
ਘਰ ਬਾਰ ਜੀਹਦਾ ਸੀ ਪੁਲਿਸ ਹੱਥੀਂ ਸਾੜਿਆ।
ਆਈ.ਜੀ. ਪੁਲਿਸ ਆ ਕੇ ਘੂਰੀ ਵੱਟ ਕਹਿਣ ਲੱਗਾ,
ਸੱਚ ਦੱਸ ਨਹੀਂ ਤਾਂ ਜਾਵੇ ਫਾਂਸੀ ਉੱਤੇ ਚਾੜ੍ਹਿਆ।
ਕੌਣ ਏ ਬੱਬਰ ਸਾਰੇ ਇਹਨਾਂ ਦੇ ਟਿਕਾਣੇ ਦੱਸ,
ਨਹੀਂ ਤਾਂ ਡਾਂਗਾਂ ਗੋਲੀਆਂ ਨਾਲ ਜਾਵੇ ਲਤਾੜਿਆ।
ਬਣ ਜਾ ਗਵਾਹ ਸੁਲਤਾਨੀ ਅੰਗਰੇਜ਼ ਦਾ ਤੂੰ,
ਜਾਵੇ ਤੇਰਾ ਚਿੱਠਾ ਮਾੜੇ ਕਰਮਾਂ ਦਾ ਪਾੜਿਆ।

(ਜਵਾਬ ਸ਼ਿਵ ਸਿੰਘ)

### ਕਬਿੱਤ

ਸ਼ਿਵ ਸਿੰਘ ਕਹਿਣ ਲੱਗਾ ਸੁਣਿਓ ਦੀਵਾਨ ਸਾਹਿਬ,
ਮੈਂ ਨਹੀਂ ਕੁਝ ਜਾਣਦਾ ਬੱਬਰ ਕਿਥੋਂ ਆਏ ਸੀ।
ਮੈਂ ਤਾਂ ਇਕੋ ਬਿਸ਼ਨ ਸਿੰਘ ਮਾਂਗਟ ਨੂੰ ਜਾਣਦਾ ਹਾਂ,
ਨਾਲ ਦੇ ਵੀ ਬਾਕੀ ਸਾਰੇ ਓਸੇ ਬਤਾਏ ਸੀ।
ਮੈਨੂੰ ਉਹਨਾਂ ਆਖਿਆ ਸੀ ਤੇਰੇ ਕੋਲ ਰਾਤ ਰਹਿਣਾ,
ਮੈਂ ਨਹੀਂ ਹਥਿਆਰ ਵੇਖੇ ਕਿਥੇ ਕੁ ਲੁਕਾਏ ਸੀ।
ਹੋਰ ਮੈਨੂੰ ਪਤਾ ਨਹੀਂ ਸੱਚ ਸੱਚ ਆਖਦਾ ਹਾਂ,
'ਜੋਗੀ' ਨੇ ਭੇਤ ਸਾਰੇ ਮੈਨੂੰ ਨਾ ਬਤਾਏ ਸੀ।

## ਸੀਨ 4—ਸੂਬੇਦਾਰ ਗੇਂਦਾ ਸਿੰਘ ਮਾਣੋਕੇ ਘੜਿਆਲ ਦੀ ਸੋਧ

ਬੱਬਰ ਲਹਿਰ ਜ਼ੋਰ ਫੜਦੀ ਜਾ ਰਹੀ ਸੀ। ਨਿੱਤ ਝੋਲੀ-ਚੁੱਕਾਂ ਨੂੰ ਮੁਰੱਬਿਆਂ ਦਾ ਲਾਲਚ ਦਿੱਤਾ ਜਾ ਰਿਹਾ ਸੀ। ਬੱਬਰ ਅਕਾਲੀ ਵੀ ਸਿਰ-ਧੜ ਦੀ ਬਾਜ਼ੀ ਲਾਈ ਬੈਠੇ ਸਨ। ਅੱਜ ਉਹ ਮਰ ਗਿਆ, ਅੱਜ ਉਹ ਮਾਰਿਆ ਗਿਆ। ਦੇਸ਼ ਵਿਚ ਨਿੱਤ ਨਵੇਂ ਸਾਕੇ ਵਾਪਰ ਰਹੇ ਸਨ। ਦੁਸਹਿਰੇ ਵਾਲਾ ਦਿਨ ਸੀ।

ਸੂਬੇਦਾਰ ਗੇਂਦਾ ਸਿੰਘ ਆਪਣੇ ਕੁੜਮ ਤੇ ਇਕ ਨਵੀਂ ਆਈ ਸਾਮੀ ਸਮੇਤ ਠੇਕੇ ਦੀ ਛਕ ਰਿਹਾ ਸੀ ਤੇ ਮੂੰਹ ਕਰਾਰਾ ਕਰਨ ਵਾਸਤੇ



ਕੋਲ ਮੁਰਗਾ ਭੁੰਨ ਕੇ ਰੱਖਿਆ ਸੀ। ਹਾੜਾ ਪੀ ਕੇ ਗਲਾਸੀ ਰੱਖਦੇ ਨੇ ਬੀਨ ਦੀ ਆਵਾਜ਼ ਸੁਣੀ। ਕਾਮੇ ਚੰਨ ਨੂੰ ਆਵਾਜ਼ ਮਾਰ ਕੇ ਬੀਨ ਵਾਲੇ ਨੂੰ ਸੱਦ ਕੇ ਲਿਆਉਣ ਵਾਸਤੇ ਸੂਬੇਦਾਰ ਜੀ ਇਉਂ ਕਹਿੰਦਾ ਹਨ :

### ਦੋਹਰਾ

ਮਾਣੋਕੇ ਘੜਿਆਲ ਵਿਚ ਫਿਰੇ ਵੱਜਦੀ ਬੀਨ।
ਜੋ ਸੁਣਦੇ ਸੀ ਬੀਨ ਨੂੰ ਹੁੰਦੇ ਜਾਂਦੇ ਲੀਨ।

1

ਵੇਖ ਜ਼ਰਾ ਬੀਨ ਵਾਲਾ ਕੌਣ ਆਇਆ ਏ।
ਜਿਨ ਸਾਡੇ ਪਿੰਡ 'ਚ ਖਲਲ ਪਾਇਆ ਏ।
ਆਣ ਕੇ ਵਿਖਾਵੇ ਸੱਪ ਕਹੀਂ ਸਾਲੇ ਨੂੰ,
ਸੱਦ ਕੇ ਲਿਆਵੀਂ ਕਾਕਾ ਬੀਨ ਵਾਲੇ ਨੂੰ।

2

ਹਾੜਾ ਪੀ ਕੇ ਕਹਿੰਦਾ ਵਾਹਵਾ ਲੋਰ ਆਇਆ ਏ,
ਠੇਕੇ ਦੇ ਨਸ਼ੇ ਨੇ ਵਾਹਵਾ ਜ਼ੋਰ ਪਾਇਆ ਏ।
ਬੀਨ 'ਤੇ ਨਚਾਵੇ ਜ਼ਹਿਰੀ ਨਾਗ ਕਾਲੇ ਨੂੰ।
ਸੱਦ ਕੇ... ...

3

ਆਖੀਂ ਤੈਨੂੰ ਸੂਬੇਦਾਰ ਵਾਜਾਂ ਮਾਰਦਾ,
ਛੇਤੀਂ ਨਾਲ ਆਵੀਂ ਕੰਮ ਕਰੀਂ ਤਾਰ ਦਾ।

ਮੀਟ ਵਿਚ ਥੋੜ੍ਹਾ ਡਾਲ ਜਾ ਮਸਾਲੇ ਨੂੰ।
ਸੱਦ ਕੇ... ...

4

ਅਗਲੀ ਗਲੀ ਦੇ ਵਿਚਿ ਜਾਵੇ ਫੇਰ ਉਹ।
ਛੇਤੀ ਨਾਲ ਆਵੇ ਨਾ ਲਗਾਵੇ ਦੇਰ ਉਹ।
ਨਾਲੇ ਵੇਖੇ ਸਾਡੇ ਚੱਲਦੇ ਪਿਆਲੇ ਨੂੰ।
ਸੱਦ ਕੇ... ...

5

ਆਖੀਂ ਉਹਨੂੰ ਬੜੇ ਵੇਖੇ ਨੇ ਸਪੇਰੇ ਮੈਂ।
ਸਿਫ਼ਤ ਸੁਣੀ ਨਹੀਂ ਵੇਖੇ ਸੱਪ ਤੇਰੇ ਮੈਂ।
ਕਰੇ ਨਾ ਕਿਤੇ ਉਹ ਠੱਗਾਂ ਵਾਲੇ ਚਾਲੇ ਨੂੰ।
ਸੱਦ ਕੇ... ...

6

ਦੇਰ ਨਾ ਲਗਾਵੀਂ ਛੇਤੀ ਆਵੀਂ ਚੰਨਿਆ।
ਖੋਟੇ ਪੈਸੇ ਵਾਂਗੂੰ ਮੁੜ ਆਵੀਂ ਚੰਨਿਆ।
ਕਰੇ ਨਾ ਕੋਈ ਐਵੇਂ ਝੂਠ ਥੇ ਵਖਾਲੇ ਨੂੰ।
ਸੱਦ ਕੇ... ...

7

ਆਖੀਂ ਤੈਨੂੰ ਜਿਹੜਾ ਹੈ ਸੁਨੇਹਾ ਭੇਜਦਾ।
ਸੂਬੇਦਾਰ ਵਫ਼ਾਦਾਰ ਅੰਗਰੇਜ਼ ਦਾ।
ਤੋਰ ਨਾ ਦਏ ਪਿੰਡੋਂ ਕੱਢ ਕੇ ਦੀਵਾਲੇ ਨੂੰ।



ਸੱਦ ਕੇ... ...

8

ਕਹਿੰਦੇ ਦੁਨੀਆਂ ਨਹੀਂ ਵੇਖ ਵੇਖ ਰੱਜਦੀ।
ਮੈਲਾ ਕਰੇ ਦੁਨੀਆਂ ਨੂੰ ਬੀਨ ਵੱਜਦੀ।
ਕਿੰਨਾ ਕੁ ਚਿਰ ਹੋਇਆ ਉਹਨੂੰ ਸੱਪ ਪਾਲੇ ਨੂੰ।
ਸੱਦ ਕੇ... ...

9

ਹਾੜ੍ਹਾ ਪਾ ਕੇ ਕੁੜਮ ਨੂੰ ਕਹਿੰਦਾ ਪੀ ਲਈਏ।
ਬੁੱਢੇ ਹੋ ਚੱਲੇ ਹਾਂ ਕੁਝ ਚਿਰ ਜੀ ਲਈਏ।
ਸੱਦ ਕੇ ਲਿਆਵੀਂ ਕਾਕਾ ਬੀਨ ਵਾਲੇ ਨੂੰ।

ਬੰਗਾਲੀ ਬਾਵੇ, ਇਕ ਬੀਨ ਵਜਾਉਂਦਾ ਤੇ ਦੂਜੇ ਨੇ ਸੱਪਾਂ ਵਾਲੀ ਪਟਾਰੀ ਵਹਿੰਗੀ ਬਣਾ ਕੇ ਚੁੱਕੀ ਹੋਈ, ਪਿੰਡ ਦੀਆਂ ਗਲੀਆਂ ਵਿਚ ਫਿਰਦੇ ਸੀ। ਜਦ ਸੂਬੇਦਾਰ ਦੇ ਕਾਮੇ ਚੰਨੇ ਨੇ ਜਾ ਕੇ ਸੂਬੇਦਾਰ ਦਾ ਹੁਕਮ ਦਿੱਤਾ ਤਾਂ 'ਹੂੰ' ਆਖ ਕੇ ਦੋਵੇਂ ਸਪੇਰੇ ਚੰਨੇ ਦੇ ਪਿੱਛੇ-ਪਿੱਛੇ ਤੁਰ ਪਏ। ਵੱਡੀ ਹਵੇਲੀ ਦੇ ਬੂਹੇ ਤੋਂ ਸਪੇਰੇ ਅੰਦਰ ਦਾਖ਼ਲ ਹੋਏ ਤੇ ਪਿੰਡ ਦੇ ਨਿਆਣੇ (ਅੰਞਾਣੇ) ਬੂਹੇ ਦੇ ਮੂਹਰੇ ਹੀ ਰੁਕ ਗਏ ਕਿਉਂਕਿ ਸੂਬੇਦਾਰ ਸੁਭਾਅ ਦਾ ਕੌੜਾ ਸੀ, ਡਰਦੇ ਬਾਲਕ ਹਵੇਲੀ ਵਿਚ ਨਾ ਆਏ। ਸੂਬੇਦਾਰ ਰੋਹਬ ਨਾਲ ਬੋਲਿਆ ਤੇ ਕਹਿਣ ਲੱਗਾ, "ਓਇ ਤੁਹਾਨੂੰ ਪਤਾ ਨਹੀਂ ਇਹ ਸੂਬੇਦਾਰ ਸਾਹਿਬ ਦਾ ਪਿੰਡ ਹੈ ? ਠੱਗੀ ਨਹੀਂ ਇਥੇ ਚੱਲ ਸਕਦੀ।"

ਉਸ ਸਮੇਂ ਸਪੇਰੇ ਤੇ ਸੂਬੇਦਾਰ ਗੇਂਦਾ ਸਿੰਘ ਇਸ ਤਰ੍ਹਾਂ

ਸਵਾਲ-ਜਵਾਬ ਕਰਦੇ ਹਨ :

## ਲੈਹਰੀਆ ਛੰਦ

1

ਸੂਬੇਦਾਰ ਸੀਗਾ ਰੱਜਿਆ ਸ਼ਰਾਬ ਦਾ।
ਕੋਲੇ ਤਾਬੀਆ ਸੀ ਭੁੱਜੇ ਹੋਏ ਕਬਾਬ ਦਾ।
ਕੋਲ ਫਿਰਦਾ ਸੀ ਨੌਕਰ ਜਨਾਬ ਦਾ।
ਤਾਂਹੀਂ ਜੋਗੀਆਂ ਨੂੰ ਰੋਹਬ ਨਾਲ ਲਲਕਾਰਦੇ।
ਕੰਮ ਫੜੇ ਕੀ ਤੁਸਾਂ ਨੇ ਫਿਰੋ ਠੱਗੀ ਮਾਰਦੇ।

2

ਜੋਗੀ ਕਹਿੰਦੇ ਅਸਾਂ ਵੇਖਿਆ ਜਹਾਨ ਆ।
ਪਰ ਤੁਸੀਂ ਦੀ ਅਨੋਖੀ ਜਿਹੀ ਸ਼ਾਨ ਆ।
ਅਸਾਂ ਠੱਗੀਆਂ ਦੀ ਖੋਲ੍ਹੀ ਨਾ ਦੁਕਾਨ ਆ।
ਵੱਡੇ ਏਸੇ ਤਰ੍ਹਾਂ ਗਏ ਨੇ ਉਮਰਾਂ ਗੁਜ਼ਾਰ ਜੀ।
ਸੱਪ ਕੀਲਣੇ ਅਸਾਂ ਦਾ ਕੰਮ ਸੂਬੇਦਾਰ ਜੀ।

3

ਭੋਲੀ ਦੁਨੀਆਂ ਨੂੰ ਫਿਰਦੇ ਜੋ ਲੁੱਟਦੇ।
ਬੂਟੀ ਅੱਕ ਨਿੰਮ ਫਿਰਦੇ ਜੋ ਪੁੱਟਦੇ।
ਜਿਥੇ ਮਿਲਦਾ ਸ਼ਿਕਾਰ ਉਥੇ ਕੁੱਟਦੇ।
ਫਿਰੋ ਤੀਵੀਆਂ ਦੇ ਵਿਚ ਮਕਰ ਖਿਲਾਰਦੇ।
ਕੰਮ ਫੜੇ ਕੀ ਤੁਸਾਂ ਨੇ ਫਿਰੋ ਠੱਗੀ ਮਾਰਦੇ।



4

ਤੁਹਾਡੇ ਦੇਸ਼ ਵਿਚੋਂ ਮੰਗ-ਮੰਗ ਖਾਂਦੇ ਹਾਂ।
ਫੜ ਨਾਗਾਂ ਨੂੰ ਪਟਾਰੀ ਵਿਚ ਪਾਂਦੇ ਹਾਂ।
ਕਈ ਵਾਰ ਅਸੀਂ ਜਾਨ ਵੀ ਗਵਾਂਦੇ ਹਾਂ।
ਨੱਚੂ ਬੀਨ ਉੱਤੇ ਨਾਗ ਵਾਂਗਰਾਂ ਨਚਾਰ ਜੀ।
ਸੱਪ ਕੀਲਣੇ ਅਸਾਂ ਦਾ ਕੰਮ ਸੂਬੇਦਾਰ ਜੀ।

5

ਬਾਣਾ ਸਾਧੂਆਂ ਦਾ ਪਾਇਆ ਉਂਜ ਚੋਰ ਜੇ।
ਬਾਬਾ ਜੱਗ ਲੁੱਟ ਖਾਣਾ ਉਂਜ ਹੋਰ ਜੇ।
ਏਸ ਦੁਨੀਆਂ ਦੇ ਵਿਚ ਮੇਰਾ ਜ਼ੋਰ ਜੇ।
ਸਾਡਾ ਟੌਹਰ ਆ ਅਸੀਂ ਜੇ ਬੰਦੇ ਸਰਕਾਰ ਦੇ।
ਕੰਮ ਫੜੇ ਕੀ ਤੁਸਾਂ ਨੇ ਫਿਰੋ ਠੱਗੀ ਮਾਰਦੇ।

6

ਅੱਖੀਂ ਵੇਖੋ ਤਾਂ ਯਕੀਨ ਤੁਹਾਨੂੰ ਆਵੇਗਾ।
ਜਦੋਂ ਬੀਨ ਵਾਲਾ ਬੀਨ ਨੂੰ ਵਜਾਵੇਗਾ।
ਜ਼ਹਿਰੀ ਨਾਗ ਪੈਲ ਮੋਰ ਵਾਂਗ ਪਾਏਗਾ।
ਤੁਸੀਂ ਵੱਡੇ ਆਦਮੀ ਹੋ ਕਰਦੇ ਬਹਾਰ ਜੀ।
ਸੱਪ ਕੀਲਣੇ ਅਸਾਂ ਦਾ ਕੰਮ ਸੂਬੇਦਾਰ ਜੀ।

7

ਚੰਗਾ ਛੇਤੀ ਕਰੋ ਸੱਪ ਨੂੰ ਨਿਕਾਲੀਏ,
ਜ਼ਰਾ ਐਸੇ ਜ਼ਹਿਰੀ ਨੱਥ ਕੇ ਵਿਖਾਲੀਏ,

ਥੋੜ੍ਹਾ ਠਹਿਰੋ ਅਸੀਂ ਬੋਤਲ ਮੁਕਾ ਲਈਏ,
ਹਾੜਾ ਪਾ ਕੇ ਸੂਬੇਦਾਰ ਰੱਜੇ ਹੋਏ ਡਕਾਰਦੇ।
ਕੰਮ ਫੜੇ ਕੀ ਤੁਸਾਂ ਨੇ ਫਿਰੋ ਠੱਗੀ ਮਾਰਦੇ।

8

ਸੂਬੇਦਾਰਾ ਅਸੀਂ ਸੱਪ ਬੜੇ ਫੜੇ ਨੇ
ਕਈ ਵਾਰੀ ਸਾਨੂੰ ਕਰੂੰਡੀਏ ਵੀ ਲੜੇ ਨੇ
ਪਰ ਏਸ ਜ਼ਹਿਰੀ ਨਾਗ ਕੀਤੇ ਕੜੇ ਨੇ
ਅਸੀਂ ਕੋਲ ਨਾ ਕਿਸੇ ਦਾ ਰੱਖਦੇ ਉਧਾਰ ਜੀ।
ਸੱਪ ਕੀਲਣੇ ਅਸਾਂ ਦਾ ਕੰਮ ਸੂਬੇਦਾਰ ਜੀ।

9

ਸੱਪ ਬੀਨ ਉੱਤੇ ਮੋਰ ਵਾਂਗ ਪੇਲਿਆ
ਕਹੇ ਸਪੇਰਾ ਬੱਲੇ ਸ਼ੇਸ਼ ਦਿਆ ਚੇਲਿਆ
ਕਾਲੀ ਨਾਗ ਦਿਆ ਛੋਟਿਆ ਸਹੇਲਿਆ
ਔਰ ਦੱਸੋ ਸੂਬੇਦਾਰ ਮੁੱਖ 'ਚੋਂ ਪੁਕਾਰਦੇ।
ਕੰਮ ਫੜੇ ਕੀ ਤੁਸਾਂ ਨੇ ਫਿਰੋ ਠੱਗੀ ਮਾਰਦੇ।

10

ਬੱਲੇ ਬੱਲੇ ਬੀਨ ਵੱਜਦੀ ਕਮਾਲ ਸੀ
ਅੱਖਾਂ ਬੜੀਆਂ ਸਪੇਰੇ ਦੀਆਂ ਲਾਲ ਸੀ
ਘੋਰੇ ਪੀਤਾ ਸੀ ਧਤੂਰਾ ਏਦਾਂ ਹਾਲ ਸੀ
'ਜੋਗੀ ਸਿੰਘਾ' ਜ਼ਹਿਰੀ ਨਾਗ ਮਾਰੇਗਾ ਫੂੰਕਾਰ ਜੀ।
ਸੱਪ ਕੀਲਣੇ ਅਸਾਂ ਦਾ ਕੰਮ ਸੂਬੇਦਾਰ ਜੀ।



## ਸੱਚ ਦੱਸਣਾ

ਸਪੇਰੇ ਨੇ ਕਿਹਾ, "ਸੂਬੇਦਾਰ ਜੀ, ਅਸਲ ਵਿਚ ਅਸੀਂ ਦੇਸ਼ ਦੇ ਸੱਚੇ ਸੇਵਕ ਹਾਂ, ਜਦ ਜੱਟ ਦਾ ਪੁੱਤਰ ਰਾਤ ਨੂੰ ਨੰਗੇ ਪੈਰੀਂ ਮੋਢੇ 'ਤੇ ਕਹੀ ਚੁੱਕੀ, ਘਾਟ-ਬੂਟ ਵਿਚ ਪਾਣੀ ਲਾਉਂਦਾ ਹੈ, ਕਈ ਸੱਪ ਡੰਗ ਮਾਰ ਦੇਂਦੇ ਹਨ, ਜੱਟ ਦੇ ਪੁੱਤਰ ਦੀ ਜਾਨ ਖ਼ਤਰੇ ਵਿਚ ਪੈ ਜਾਂਦੀ ਹੈ। ਅਸੀਂ ਸੱਪਾਂ ਦਾ ਖ਼ਾਤਮਾ ਕਰਦੇ ਹਾਂ। ਹੋਰ ਕਈ ਸੱਪ ਚੁਰਾਹੇ ਮੱਲ ਬੈਠਦੇ ਹਨ, ਲੋਕਾਂ ਨੂੰ ਕਾਫ਼ੀ ਮੁਸ਼ਕਿਲ ਪੇਸ਼ ਆਉਂਦੀ ਹੈ, ਅਸੀਂ ਉਹਨਾਂ ਨੂੰ ਖ਼ਤਮ ਕਰ ਸਕਦੇ ਹਾਂ। ਹੋਰ ਸੂਬੇਦਾਰ ਜੀ, ਇਕ ਨਾਗ ਅਸਾਂ ਰਾਣੀ ਪੁਰ ਕੀਲਿਆ, ਇਕ ਧਾਮੀਆਂ ਪਿੰਡ ਦੀਆਂ ਮੜੀਆਂ ਵਿਚ ਕਾਬੂ ਕੀਤਾ, ਹੁਣ ਸਾਨੂੰ ਪਤਾ ਲੱਗਾ ਕਿ ਇਕ ਬੜਾ ਵੱਡਾ ਸੱਪ ਕਾਲਾ ਨਾਗ ਮਾਣਕੇ ਜੂਹ ਵਿਚ ਰਹਿੰਦਾ ਹੈ। ਮੋਤੀਆਂ ਵਾਲਿਆ, ਜੇ ਸਾਨੂੰ ਉਹ ਮਿਲ ਗਿਆ, ਵੇਖੀਂ ਅਸੀਂ ਕਿਵੇਂ ਉਸ ਦਾ ਸਿਰ ਫੇਹ ਕੇ ਜ਼ਹਿਰ ਦਾ ਮਣਕਾ ਕੱਢਦੇ ਹਾਂ। ਕੀ ਦੱਸੀਏ, ਅਸੀਂ ਐਸੇ ਸੱਪ ਕੀਤੇ ਜੋ ਫੂਕਾਂ ਮਾਰ ਕੇ ਕੱਖਾਂ ਨੂੰ ਅੱਗ ਲਾ ਦੇਣ।"

ਸੂਬੇਦਾਰ ਦਾ ਕੁੜਮ ਜੋ ਨਾਲ ਲਿਆਂਦੇ ਬੰਦੇ ਦੇ ਪੁੱਤਰ ਨੂੰ ਕੱਲ੍ਹ ਥਾਣੇਦਾਰ ਜਲੰਧਰ ਤੋਂ ਛੁਡਾਉਣ ਵਾਸਤੇ ਸੂਬੇਦਾਰ ਨੂੰ ਲੈਣ ਆਇਆ ਸੀ, ਉਹ ਕਹਿੰਦਾ, "ਗੱਪਾਂ ਨਾ ਮਾਰੋ, ਐਸਾ ਸੱਪ ਵੀ ਹੁੰਦਾ, ਲਿਆਓ ਵਿਖਾਓ।" ਤਾਂ ਸਪੇਰਿਆਂ ਨੇ ਇਸ ਤਰ੍ਹਾਂ ਦਰਸ਼ਨ ਕਰਵਾਏ :

### ਗੱਡੀ ਛੰਦ

ਸੂਬੇਦਾਰ ਦੀ ਹਵੇਲੀ ਵਿਚ ਖੜੇ ਸੀ,

ਭੇਸ ਬਦਲਾ ਕੇ ਸੂਰਮੇ।
ਸੂਬੇਦਾਰ ਆਖੇ ਝੂਠਿਓ ਸਪੇਰਿਓ
ਤੁਸੀਂ ਕੀ ਕਰਮ ਫੜੇ ਨੇ।
ਮਿੱਠਾ ਬੋਲ ਕੇ ਆਖਦੇ ਜੋਗੀ,
ਸਾਡੇ ਇਹ ਕਰਮ ਮੁੱਢ ਤੋਂ।
ਜੇ ਕਹੋਂ ਤਾਂ ਵਖਾਈਏ ਸੱਪ ਜ਼ਹਿਰੀ
ਜੋ ਫੂਕ ਮਾਰ ਅੱਗ ਬਾਲਦੇ।
ਸੂਬੇਦਾਰ ਦਾ ਕੁੜਮ ਸੀ ਲਾਗੇ,
ਕਹਿਣ ਲੱਗਾ, ਸੁਣੋ ਜੋਗੀਓ,
ਏਥੇ ਗੱਪ ਨਹੀਂ ਤੁਸਾਂ ਦੀ ਚੱਲਣੀ,
ਕਿਹੜੀ ਗੱਲੋਂ ਕੂੜ ਤੋਲਦੇ।
ਕਿਹੜਾ ਸੱਪ ਜੋ ਕੱਖਾਂ ਨੂੰ ਅੱਗ ਲਾ ਦਏ,
ਲਿਆਓ ਖਾਂ ਅਸੀਂ ਵੀ ਵੇਖੀਏ।
ਇਕ ਨਾਥ ਨੇ ਪਟਾਰੀ ਖੋਹਲੀ,
ਰੋਹਬ ਦੱਸੇ ਕਾਲੇ ਨਾਗ ਦਾ।
ਅਜੇ ਉਸੇ ਤਰ੍ਹਾਂ ਬੀਨ ਵੱਜ ਰਹੀ ਸੀ,
ਸੂਬੇਦਾਰ ਮੇਲ ਹੋ ਗਿਆ।
ਹਾੜਾ ਪਾ ਕੇ ਕੁੜਮ ਨੂੰ ਕਹਿੰਦਾ,
ਫੜ ਪਹਿਲਾ ਨਸ਼ਾ ਲਹਿ ਗਿਆ।
ਹੱਥੋਂ ਦੇ ਕੇ ਗਲਾਸੀ ਸੂਬੇਦਾਰ ਨੇ,
ਨਾਲ ਦੇ ਨੂੰ ਇਉਂ ਹੀ ਆਖਿਆ।



ਭਾਉ ਅਸਾਂ ਦੀ ਏਸੇ ਤਰ੍ਹਾਂ ਲੰਘ ਗਈ
ਜ਼ਿੰਦਗੀ ਰੰਗੀਲਿਆਂ ਦੀ।
ਫੇਰ ਆਖਦਾ ਮਰੋੜ ਝੱਟ ਮੁਰਗਾ
ਚੰਨਿਆ ਲਗਾਵੀਂ ਦੇਰ ਨਾ।
ਬਾਹਵਾਂ ਟੰਗ ਕੇ ਕਲੂੰਜ ਕੇ ਚਾਦਰਾ,
ਚੰਨਣ ਤਿਆਰ ਹੋ ਗਿਆ।
ਅਜੇ ਉਸੇ ਤਰ੍ਹਾਂ ਬੀਨ ਵੱਜ ਰਹੀ ਸੀ,
ਤੇ ਸੂਬੇਦਾਰ ਵੇਖ ਰਿਹਾ ਸੀ।
ਨਾਗ ਨਿਕਲ ਪਟਾਰੀ ਵਿਚੋਂ ਤੁਰਿਆ,
ਦੂਸਰੇ ਬਰਾਂਡੇ ਵੱਲ ਨੂੰ।
ਜਿਥੇ ਬੱਝਦੇ ਡੰਗਰ ਸੂਬੇਦਾਰ ਦੇ,
ਉਧਰ ਨੂੰ ਸੱਪ ਤੁਰ ਪਿਆ।
ਸੂਬੇਦਾਰ ਨੇ ਆਖਿਆ ਫੜ ਓਏ
ਛੇਤੀਂ ਕਰ ਕੀ ਏਂ ਦੇਖਦਾ।
ਮਿੱਠਾ ਬੋਲ ਕੇ ਆਖਦਾ ਜੋਗੀ
ਏਸ ਵਿਚ ਸ਼ੱਕ ਕੋਈ ਨਾ।
ਇਕ ਹੋਰ ਨਾਗ ਉਧਰੋਂ ਹੀ ਆਊਗਾ,
ਜਿਧਰ ਨੂੰ ਇਹ ਚੱਲਿਆ।
ਫੇਰ ਉੱਠ ਕੇ ਸਪੇਰਾ ਬੋਲੇ,
ਆਖੇ ਜ਼ਰਾ ਠਹਿਰ ਦਿਉਤਿਆ।
ਏਨੀ ਆਖ ਕੇ ਅੰਦਰ ਨੂੰ ਤੁਰਿਆ,

ਸੂਬੇਦਾਰ ਵੇਖ ਰਿਹਾ ਸੀ।
ਬੀਨ ਵਾਲੇ ਨੇ ਝੋਲੇ ਵਿਚੋਂ ਕੱਢ ਕੇ
ਰੀਵਾਲਵਰ ਬੰਦੇ ਮਾਰਨਾ।
ਘੋੜਾ ਸ਼ਿਸ਼ਤ ਟਕਾ ਕੇ ਦੱਬਿਆ,
ਫਟਾ ਫਟ ਤਿੰਨ ਗੋਲੀਆਂ।
ਜੋ ਵੱਜੀਆਂ ਕੁਰਸੀਓਂ ਡਿੱਗਿਆ,
ਮਾਲਕ ਮੁਰੱਬਿਆਂ ਦਾ।
ਜਿਹੜੇ ਖੜੇ ਸੀ ਨਿਆਣੇ ਅੱਗੇ ਬੂਹੇ,
ਭੱਜ ਗਏ ਖੜਾਕ ਸੁਣ ਕੇ।
ਥੱਲੇ ਮੇਜ਼ ਦੇ ਕੁੜਮ ਚੰਦ ਲੁਕਿਆ,
ਐਵੇਂ ਵੱਡੇ ਸੂਬੇਦਾਰ ਦਾ।
ਜਿਹੜਾ ਆਇਆ ਸੀ ਸਿਫ਼ਾਰਸ਼ ਕਰਾਉਣ
ਸਹਿ ਗਿਆ ਕਬੂਤਰੀ ਜਿਉਂ।
ਏਨੇ ਚਿਰਾਂ ਨੂੰ ਬੰਦੇ ਦੋ ਹੋਰ ਵੀ,
ਜਿਹਨਾਂ ਕੋਲ ਸਨ ਰਫ਼ਲਾਂ।
ਸੂਬੇਦਾਰ ਦੀ ਹਵੇਲੀ ਵਾਲੇ ਰਾਹ 'ਤੇ
ਸੂਬੇਦਾਰ ਨੂੰ ਮੁਰੱਬੇ ਦੇ ਕੇ।
ਚੁੱਕੀ ਨਾ ਪਟਾਰੀ ਵੀ ਕਿਸੇ ਨੇ,
ਓਥੇ ਬੀਨ ਤੇ ਰਹਿ ਗਏ ਗੁੱਥਲੇ।
ਉਥੇ ਤਰ੍ਹਾਂ ਨਾਗ ਛੱਡ ਕੇ,
ਆਪਣੇ ਰਾਹ ਸਪੇਰੇ ਪੈ ਗਏ।



ਬਾਹਰ ਨਿਕਲ ਜਾਂ ਬੱਬਰ ਅਕਾਲੀ,
ਵੈਰੀ ਦੇਸ਼-ਦੋਖੀਆਂ ਦੇ।
ਉਦੋਂ ਸੂਰਜ ਗਰੂਬ ਹੋ ਰਿਹਾ ਸੀ,
ਤੇ ਅੰਬਰ ਨੇ ਰੰਗ ਆਪਣਾ
ਵੱਟਿਆ ਵੱਟਿਆ,
ਦੇਸ਼ ਨਾਲ ਧਰੋਹ ਕਰ ਕੇ
ਕਿਸੇ ਨਹੀਂ ਖੱਟਿਆ।

## ਸੀਨ 6

### ਕੋਠੀ ਦੇ ਮੂਹਰੇ ਬੰਬ ਅਤੇ ਬੁੱਢੜੀ ਮਾਈ ਨੰਦੋ ਦੀ ਬਹਾਦਰੀ

(ਨਵੰਬਰ ਦਾ ਮਹੀਨਾ, ਡੀ.ਸੀ. ਜਲੰਧਰ ਦੀ ਕੋਠੀ, ਸਰਕਾਰੀ ਅਫ਼ਸਰਾਂ ਦਾ ਇਕੱਠ)

ਜਦੋਂ 13-14 ਝੋਲੀ-ਚੁਕ ਚੰਦ ਦਿਨਾਂ ਵਚ ਮਾਰੇ ਗਏ, ਅੰਗਰੇਜ਼ ਸ਼ਾਹੀ ਦੀ ਪੁਲਿਸ ਦੀ ਨੀਂਦ ਹਰਾਮ ਹੋ ਗਈ। ਡੀ.ਸੀ. ਜਲੰਧਰ ਨੇ ਚੋਣਵੇਂ ਅਫ਼ਸਰ ਤੇ ਗੋਰੇ ਸੱਦੇ ਤੇ ਰਾਜ ਨੂੰ ਬਰਸਰਿ-ਅਕਤਾਰ ਰੱਖਣ ਵਾਸਤੇ ਲੱਗੇ ਸਕੀਮਾਂ ਪੇਸ਼ ਕਰਨ।

ਅੰਗਰੇਜ਼ ਰਾਜ ਦੇ ਵਫ਼ਾਦਾਰ ਅਫ਼ਸਰ ਇਸ ਤਰ੍ਹਾਂ ਜਲੰਧਰ ਡੀ.ਸੀ. ਦੀ ਕੋਠੀ ਵਿਚ ਮੀਟਿੰਗ ਕਰਨ ਲੱਗੇ। ਕੋਠੀ ਦੇ ਚੁਫੇਰੇ ਅੰਗਰੇਜ਼ੀ ਪੁਲਿਸ ਦਾ ਸਖ਼ਤ ਪਹਿਰਾ ਹੈ। ਜੋ ਇਉਂ ਵਰਣਨ ਕੀਤਾ ਜਾਂਦਾ ਹੈ:

## ਝੋਕ ਛੰਦ

1

ਮਹੀਨਾ ਨਵੰਬਰ ਦਾ ਗਰਮੀ ਵੀ ਘੱਟ ਰਹੀ ਸੀ
ਡਿਪਟੀ ਕਮਿਸ਼ਨਰ ਦਾ ਦਿਲ ਗ਼ਮੀ ਪਈ ਚੱਟ ਰਹੀ ਸੀ
ਛੁਰੀ ਕਾਨੂੰਨਾਂ ਵਾਲੀ ਧਰਮੀ ਨੂੰ ਕੱਟ ਰਹੀ ਸੀ
ਦੇਸ਼ 'ਚੋਂ ਗੜਬੜ ਰੋਕੋ ਕਹਿੰਦਾ ਸਰਦਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ।

2

ਕੋਠੀ ਦੁਆਲੇ ਭਾਵੇਂ ਪਹਿਰਾ ਪੁਲਿਸ ਦਾ
ਹਿੰਦ ਦਾ ਹਰ ਬੰਦਾ ਵੈਰੀ ਗੋਰੇ ਦੇ ਸੀਸ ਦਾ
ਹਿੰਦੀਆਂ 'ਤੇ ਮਿਸਟਰ ਜੈਕਬ ਦੰਦੀਆਂ ਸੀ ਪੀਸਦਾ
ਹਿੰਦੀ ਨੇ ਕਾਲੇ-ਕੂਲੇ ਕਹਿੰਦਾ ਹੰਕਾਰੀ ਸੀ
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

3

ਸਹਿਮਿਆ ਸੀ ਰਾਖਾ ਡੀ.ਸੀ. ਜ਼ਿਲੇ ਜਲੰਧਰ ਦਾ
ਵੱਧ ਗਏ ਬੱਬਰ ਅਕਾਲੀ ਕਹਿੰਦਾ ਡਰ ਅੰਦਰ ਦਾ
ਹਿੰਦ ਦਾ ਹਰ ਰੋੜਾ ਵੈਰੀ ਗੋਰੇ ਦੇ ਮੰਦਰ ਦਾ
ਹੋਣੀ ਨੇ ਆਣ ਡਿੱਠਾ ਤਾਂ ਪੀਰਾਂ ਅਵਤਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ... ...



4

ਬੱਬਰਾਂ ਨੇ ਰੂਪ ਪੁਲਿਸ ਦਾ ਧਾਰਿਆ ਕਈ ਥਾਵਾਂ 'ਤੇ
ਗੋਰੇ ਨੂੰ ਸਿਰਫ਼ ਮਾਣ ਸੀ ਗੋਰੇ ਦੀਆਂ ਬਾਹਵਾਂ 'ਤੇ
ਲਾਏ ਪੁਲਾਂ 'ਤੇ ਪਹਿਰੇ ਕਰੜੇ ਹਰ ਥਾਵਾਂ 'ਤੇ
ਦੱਸਦੇ ਪਏ ਨੇਕ ਨੀਅਤੀ ਬੰਦੇ ਸਰਕਾਰੀ ਸੀ।
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

5

ਜੈਕਬ ਨੂੰ ਸਖ਼ਤ ਪੈ ਰਹੀਆਂ ਉਪਰ ਤੋਂ ਝਾੜਾਂ ਸੀ
ਵੱਡੇ ਪਏ ਅਫ਼ਸਰ ਕਰਦੇ ਛੋਟਿਆਂ ਨੂੰ ਤਾੜਾਂ ਸੀ
ਥਾਂ-ਥਾਂ 'ਤੇ ਗੋਰੇ ਕਰਦੇ ਗ਼ਫ਼ਲਾਂ ਦੀਆਂ ਵਾੜਾਂ ਸੀ
ਚਾਹੁੰਦੇ ਸੀ ਗਿੱਦੜ ਖਾਣਾ ਸ਼ੇਰਾਂ ਦੀਆਂ ਮਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ... ...

6

ਸੱਦ ਲਾਹੌਰੋਂ ਮਿਸਟਰ ਮੁੰਗਰ ਜੀ ਆਏ ਸੀ
ਡੀ.ਸੀ. ਹੁਸ਼ਿਆਰ ਤਸ਼ਰੀਫ਼ ਲਿਆਏ ਸੀ
ਚੋਣਵੇਂ ਸਰਕਾਰੀ ਅਫ਼ਸਰ ਸੱਦੇ ਸਦਾਏ ਸੀ
ਜਿਹਨਾਂ ਦੀ ਗੂੜ੍ਹੀ ਪੱਕੀ ਗੋਰੇ ਨਾਲ ਯਾਰੀ ਸੀ
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

7

ਜੈਕਬ ਨੇ ਆਖਿਆ ਅੱਜ ਤੇ ਗੇਂਦਾ ਮਰ ਗਿਆ ਏ
ਸਾਡੇ ਉਸ ਵਫ਼ਾਦਾਰ ਦਾ ਖ਼ੂਨ ਕੋਈ ਕਰ ਗਿਆ ਏ
ਦੇਂਦਾ ਨਹੀਂ ਸ਼ਹਾਦਤ ਹਰ ਕੋਈ ਡਰ ਗਿਆ ਏ
ਚੰਦ ਬਾਗ਼ੀ ਡੇਗਣ ਲੱਗੇ ਸਾਡੇ ਵੱਕਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ... ...

8

ਬੰਦੇ ਬੇਅੰਤ ਅਸਾਂ ਨੇ ਸੂਹਾਂ ਲੰਈ ਘੱਲੇ ਨੇ
ਖ਼ੁਫ਼ੀਆ ਪੁਲਿਸ ਘਾਬਰੀ ਪਤੇ ਨਾ ਚੱਲੇ ਨੇ
ਦਿੱਸਦੇ ਅੱਜ ਬਾਗ਼ੀ ਲੋਕਾਂ ਸਾਰੇ ਰਾਹ ਮੱਲੇ ਨੇ
ਥਾਂ-ਥਾਂ 'ਤੇ ਹੁੰਦੀ ਜਾਂਦੀ ਤਾਕਤ ਨਾਕਾਰੀ ਸੀ।
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

9

ਮੂੰਗਰ ਜੋ ਠਾਣੇਦਾਰ ਤੋਂ ਆਈ.ਜੀ. ਬਣਿਆ ਸੀ
ਹਿੰਦੀਆਂ ਤੇ ਵੀਹ ਸਾਲਾਂ ਵਿਚ ਰੋਹਬ ਜਿਨ ਤਣਿਆ ਸੀ
ਐਸਾ ਕੋਈ ਮਾਂ ਨੇ ਜਾਬਰ ਹੋਰ ਨਾ ਜਣਿਆ ਸੀ
ਯੂ.ਪੀ., ਬਿਹਾਰ ਜੀਹਦੀਆਂ ਗਾਉਂਦਾ ਸੀ ਵਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ... ...



10

ਔਖਰ ਹੁਣ ਰੋਕੇ ਕਿਹੜਾ ਜਾਗਿਆ ਪੰਜਾਬ ਸੀ
ਬਾਗ਼ਾਂ ਵਿਚ ਖਿੜਾ ਚਾਹੁੰਦਾ ਚੰਗਾ ਗੁਲਾਬ ਸੀ
ਡਰਦੇ ਸਰਕਾਰੀ ਅਫ਼ਸਰ ਲਾਉਂਦੇ ਹਿਸਾਬ ਸੀ
ਕਈ ਥਾਂ ਤਨਖ਼ਾਹ ਸਿੰਘਾਂ ਨੇ ਗੋਲੀ ਨਾਲ ਤਾਰੀ ਸੀ
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

11

ਸੋਚਣ ਪਏ ਸੋਚਾਂ ਇੰਡੀਆ ਵਿਚ ਰਹਿਣ ਦੀਆਂ
ਢੂੰਡ ਪਏ ਕਰਨ ਸਕੀਮਾਂ ਫੁੱਲਾਂ 'ਤੇ ਬਹਿਣ ਦੀਆਂ
ਕਰਦਾ ਜੋ ਵਾਹਦਾ ਰਹੇ ਨਾ ਲਿਖਤਾਂ ਰਾਮਾਇਣ ਦੀਆਂ
ਰੋਜ਼ ਸੀ ਗੋਲੀ ਚੱਲਦੀ ਸੋਧੇ ਮੱਕਾਰਾਂ ਨੂੰ
ਡਿਪਟੀ ਕਮਿਸ਼ਨਰ ਸਹਿਮਿਆ ਕਰਦਾ ਵਿਚਾਰਾਂ ਨੂੰ,
ਬੱਬਰਾਂ ਤੋਂ ਡਰ ਗਏ ਸਾਰੇ... ...

12

ਅਜੇ ਨਾ ਮਿਸਟਰ ਮੂੰਗਰ ਮੀਟਿੰਗ ਮੁਕਾਈ ਸੀ
ਕੋਠੀ ਦੇ ਮੂਹਰੇ ਇਕ ਬੁੱਢੜੀ ਜਿਹੀ ਆਈ ਸੀ
ਜਿਸ ਨੇ ਦੋ ਬੰਬ ਮਾਰ ਕੇ ਰੇਹੜੇ ਕਈ ਸੀ
'ਜੋਗੀ' ਉਹ ਦੱਸਣਾ ਚਾਹੁੰਦੀ ਸੀ
ਸਹਿਮੇ ਸਰਕਾਰੀ ਅਫ਼ਸਰ ਛਾਇਆ ਡਰ ਭਾਰੀ ਸੀ
ਬੱਬਰਾਂ ਤੋਂ ਡਰੀ ਹਕੂਮਤ... ...

# ਬੁੱਢੜੀ ਨੇ ਬੰਬ ਚਲਾਉਣਾ

ਇਕ ਮਾਈ ਆਟਾ ਮੰਗਣ ਵਾਲੀ ਦੇ ਭੇਸ ਵਿਚ ਡੀ.ਸੀ. ਜਲੰਧਰ ਦੀ ਕੋਠੀ ਕੋਲ ਪੁੱਜੀ ਤੇ ਕਹਿਣ ਲੱਗੀ, "ਮੈਂ ਆਈ.ਜੀ. ਨੂੰ ਮਿਲਣਾ ਹੈ।"

ਠਾਣੇਦਾਰ ਨੇ ਘੂਰ ਕੇ ਕਿਹਾ, "ਕੋਈ ਡੀ.ਸੀ. ਸਾਹਿਬ ਨੂੰ ਉਨਾ ਚਿਰ ਨਹੀਂ ਮਿਲ ਸਕਦਾ ਜਦੋਂ ਤਕ ਉਸ ਕੋਲ ਕਿਸੇ ਜ਼ਿੰਮੇਵਾਰ ਦੀ ਚਿੱਠੀ ਨਾ ਹੋਵੇ।"

ਬੁੱਢੜੀ ਨੇ ਜਦੋਂ ਚਾਰੇ ਪਾਸਿਉਂ ਜਵਾਬ ਸੁਣਿਆ, ਜ਼ਰਾ ਕੁ ਪਰੇ ਹੋ ਕੇ ਦੋ ਬੰਬ ਚਲਾ ਦਿੱਤੇ। ਆਪ ਹੱਸੀ ਜਾਂਦੀ ਹੈ। ਠਾਣੇਦਾਰ ਨੇ ਕੰਬਦੇ ਹੱਥਾਂ ਨਾਲ ਬੁੱਢੜੀ ਨੂੰ ਫੜਿਆ, ਤਲਾਸ਼ੀ ਲਈ ਤੇ ਕੋਠੀ ਵਿਚ ਲਿਆ ਕੇ ਇਉਂ ਇਤਲਾਹ ਦਿੰਦਾ ਹੈ:

## ਬੈਂਤ

ਠਾਣੇਦਾਰ ਨੇ ਆਣ ਕੇ ਕਿਹਾ ਏਦਾਂ,
ਇਸ ਬੁੱਢੀ ਨੇ ਬੰਬ ਚਲਾਏ ਜੀ।
ਖੜੇ ਡਿਉਟੀਆਂ 'ਤੇ ਜਿਹੜੇ ਸੰਤਰੀ ਸੀ,
ਜਾਣੋਂ ਇਸ ਨੇ ਤਿੰਨ ਮੁਕਾਏ ਜੀ।
ਅਸਾਂ ਪੁੱਛਿਆ ਏ ਸਾਨੂੰ ਦੱਸਦੀ ਨਹੀਂ,
ਏਹਨੂੰ ਪੁੱਛੋ ਬੰਬ ਕਿਥੋਂ ਆਏ ਨੇ ਜੀ।
ਏਹਨੂੰ ਪਤਾ ਜੇ ਬੱਬਰਾਂ ਦੇ ਅੱਡਿਆਂ ਦਾ,
ਜਿਥੇ ਬਾਗੀਆਂ ਬੰਬ ਬਣਾਏ ਨੇ ਜੀ।
ਅੱਖਾਂ ਲਾਲ ਕਰ ਕੇ ਡੀ.ਸੀ. ਕਹਿਣ ਲੱਗਾ,



ਦੱਸ ਬੁੱਢੜੀਏ ਨੀ ਕਿਥੋਂ ਆਈ ਏਂ ਤੂੰ।
ਤੇਰਾ ਨਾਲ ਸਿਪਾਹੀਆਂ ਦੇ ਵੈਰ ਕੀ ਸੀ,
ਦੱਸ ਬੰਬ ਇਹ ਕਿਥੋਂ ਲਿਆਈ ਏਂ ਤੂੰ।
ਮਾਈ ਨੰਦੋ ਨੇ ਆਖਿਆ ਸੁਣੀ ਸਾਹਿਬਾ,
ਕਾਬੂ ਤੁਸਾਂ ਤੋਂ ਦੇਸ਼ 'ਤੇ ਪੈਣਾ ਨਹੀਉਂ।
ਭਾਵੇਂ ਕਿੰਨੀਆਂ ਤੋਪਾਂ ਚਲਾ ਵੇਖੋ,
ਸਾਡੇ ਅਣਖ ਦੇ ਕਿਲ੍ਹੇ ਨੇ ਢਹਿਣਾ ਨਹੀਉਂ।
ਵੈਰੀ ਦੇਸ਼ ਦੇ ਜਦੋਂ ਤਕ ਮੁੱਕਦੇ ਨਹੀਂ,
ਅਸਾਂ ਨਾਲ ਆਰਾਮ ਦੇ ਬਹਿਣਾ ਨਹੀਉਂ।
ਬੰਬ ਬਣਨਗੇ ਤੇ ਗੋਲੀ ਚੱਲਦੀ ਰਹੂ,
ਨਾਲ ਤਰਲਿਆਂ ਅਸਾਂ ਕੁਝ ਕਹਿਣਾ ਨਹੀਉਂ।
ਜਿਹੜੇ ਤੁਸਾਂ ਨੇ ਦੇਸ਼ ਵਿਚ ਟਾਊਟ ਛੱਡੇ,
ਤੇ ਬਾਗੀ ਲੋਕਾਂ ਹੁਣ ਉਨ੍ਹਾਂ ਨੂੰ ਛੱਡਣਾ ਨਹੀਂ।
'ਜੋਗੀ' ਆਖਦਾ ਦੇਸ਼ ਦਿਆਂ ਮਾਲਕਾਂ ਨੇ,
ਹੱਥ ਮੂਹਰੇ ਬਦੇਸ਼ੀਆਂ ਦੇ ਅੱਡਣਾ ਨਹੀਂ।

ਮਾਈ ਨੰਦੋ ਨੂੰ ਵੇਖਦਿਆਂ ਹੀ ਆਈ.ਜੀ. ਦੇ ਸਿਆਨਣ ਵਿਚ ਦੇਰ ਨਾ ਲੱਗੀ ਤੇ ਕਹਿਣ ਲੱਗਾ, "ਤੂੰ ਮਾਈ ਨੰਦੋ ਏਂ?"

ਮਾਈ ਨੰਦੋ ਨੇ ਕਿਹਾ, "ਤੂੰ ਵੀ ਦੁਰਗਾ ਦਾਸ ਏਂ ਨਾ, ਜਿਸ ਨੇ ਮੇਰੇ ਪੁੱਤਰ ਨੂੰ ਫੜ ਕੇ ਝੂਠੇ ਮੁਕੱਦਮੇ ਵਿਚ ਬੰਨ੍ਹ ਕੇ ਅੰਗਰੇਜ਼ ਬਾਪੂ ਨੂੰ ਖ਼ੁਸ਼ ਕਰ ਕੇ ਤੇ ਆਪ ਅਫ਼ਸਰ ਬਣ ਬੈਠਾ।"

ਮਾਈ ਨੰਦੋ ਦਾ ਪਿੰਡ ਕਪੂਰਥਲਾ ਖ਼ਾਸ ਹੀ ਜਾਪਦਾ ਹੈ। ਲੇਖਕ ਨੇ ਰਿਆਸਤ ਕਪੂਰਥਲਾ ਹੀ ਲਿਖਿਆ ਹੈ। ਇਹ ਆਈ ਤਾਂ ਸੀ ਡੀ.ਸੀ. ਨੂੰ ਮਾਰਨ ਪਰ ਅਸਲ ਨਿਸ਼ਾਨੇ ਤੋਂ ਉਰੇ ਰੋਕ ਦਿੱਤੀ ਗਈ। ਇਸ ਨੇ ਆਪਣਾ ਮਨੋਰਥ ਪ੍ਰਗਟ ਕੀਤਾ। ਦੁਰਗਾ ਦਾਸ ਜੋ ਉਸ ਦਿਨ ਠਾਣੇਦਾਰ ਸੀ ਜਦੋਂ ਤੋਂ ਇਸ ਮਾਤਾ ਨਾਲ ਵਿਰੋਧ ਕਰਨਾ ਸ਼ੁਰੂ ਕੀਤਾ ਸੀ। ਅੱਗੇ ਸੀ ਵੱਡਾ ਅਫ਼ਸਰ ਉਹ ਬੁੱਢੜੀ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਰਿਹਾ ਸੀ ਤੇ ਸੋਚਦਾ ਹੈ ਕਿ ਕਿਤੇ ਬੱਬਰ ਅਕਾਲੀ ਮੇਰੇ ਤਕ ਵੀ ਨਾ ਪੁੱਜ ਜਾਣ। ਸਾਰਾ ਸੀਨ ਇਸ ਤਰ੍ਹਾਂ ਬਿਆਨ ਕੀਤਾ ਜਾਂਦਾ ਹੈ। ਬਿਆਨ ਮਾਈ ਨੰਦੋ:

## ਦੋਤਾਰਾ ਛੰਦ

1

ਸੁਣ ਦੁਰਗਾ ਦਾਸ ਵੇ ਤੁਸੀਂ ਨੇ ਬਹੁਤ ਵਧੀਕੀਆਂ ਕਰੀਆਂ।
ਪਰ ਮੇਰੇ ਸਿਪਾਹੀ ਵੇ ਮੇਰੀਆਂ ਨਹੀਂ ਆਂਦਰਾਂ ਠਰੀਆਂ।
ਸਭ ਲੇਖੇ ਦੇਵਣਗੇ ਪਾਪੀ ਲੋਕ ਸਦਾ ਨਹੀਂ ਫਲਦੇ।
ਆਖ਼ਰ ਪਛਤਾਉਂਦੇ ਨੇ ਜਿਹੜੇ ਨਹੀਂ ਬਦੀਆਂ ਤੋਂ ਟਲਦੇ।

2

ਮੈਂ ਓਹੋ ਨੰਦੋ ਹਾਂ ਜਿਸ ਦਾ ਪੁੱਤਰ ਸੀ ਤੂੰ ਫੜਿਆ।
ਮੈਂ ਤਰਲੇ ਕਰਦੀ ਸਾਂ ਤੇ ਤੂੰ ਸੀਗਾ ਬੋਲਦਾ ਸੜਿਆ।
ਤੂੰ ਇਹ ਗੱਲ ਕਹਿੰਦਾ ਸਾਂ ਇਹਨੇ ਬਾਗ਼ੀਆਂ ਨੂੰ ਸ਼ਹਿ ਘੱਲਦੇ।
ਆਖ਼ਰ ਪਛਤਾਉਂਦੇ ਨੇ... ...

3

ਤੂੰ ਮੇਰੇ ਪੁੱਤਰ ਨੂੰ ਹੈਸੀ ਵੀਹ ਸਾਲ ਬੰਨ੍ਹਵਾਇਆ।



ਮੈਂ ਔਂਸੀਆ ਪਾਉਂਦੀ ਰਹੀ ਪੁੱਤਰ ਅਜੇ ਨਹੀਂ ਮੁੜ ਕੇ ਆਇਆ।
ਉਹ ਦੀਵੇ ਜਗਣੇ ਕੀ ਜਿਥੇ ਲਹੂ ਤੇਲ ਥਾਂ ਬਲਦੇ।
ਆਖ਼ਰ ਪਛਤਾਉਂਦੇ ਨੇ... ...

4

ਕੀ ਪੁੱਛਣਾ ਚਾਹੁੰਦਾ ਏਂ ਸਭ ਕੁਝ ਜਾਣੇਂ ਦੁਰਗਾ ਦਾਸਾ।
ਮੇਰੇ ਨੂੰਹ ਪੁੱਤਰ ਦਾ ਪੀਤਾ ਖ਼ੂਨ ਤੂੰ ਭਰ-ਭਰ ਕਾਸਾ।
ਫੱਟ ਦਿਲ ਦੇ ਗਹਿਰੇ ਵੇ ਮੇਰਾ ਰਹੇ ਕਾਲਜਾ ਸੱਲਦੇ।
ਆਖ਼ਰ ਪਛਤਾਉਂਦੇ ਨੇ... ...

5

ਮੈਂ ਸੱਚ ਆਖਦੀ ਹਾਂ ਲਿਖ ਲੈ ਗੱਲ ਬੇਸ਼ੱਕ ਡੀ.ਸੀ.।
ਹੁਣ ਖ਼ਤਮ ਹੋਵੇਗਾ ਚੜ੍ਹਿਆ ਜਬਰ ਸਿਖਰ ਦੀ ਟੀਸੀ।
ਬਦੇਸ਼ੀ ਰਾਜਾਂ 'ਚ ਹਾਕਮਾ ਸਦਾ ਹੁਕਮ ਨਹੀਂ ਚੱਲਦੇ।
ਆਖ਼ਰ ਪਛਤਾਉਂਦੇ ਨੇ... ...

6

ਮੈਂ ਸਾਹਿਬ ਮਾਰਨਾ ਸੀ ਉਹਦੀ ਮੇਮ ਸੀ ਰੰਡੀ ਕਰਨੀ।
ਤੇ ਜ਼ੁਲਮਾਂ ਦੀ ਭਰੀ ਵਗੇ ਮੈਂ ਉਹ ਨਦੀ ਦੁੱਖਾਂ ਦੀ ਭਰਨੀ।
ਜ਼ੁਲਮ ਦੀ ਸਿਖਰ ਹੋਈ ਵੇਖੀਂ ਹੁਣ ਪਰਛਾਵੇਂ ਢਲਦੇ।
ਆਖ਼ਰ ਪਛਤਾਉਂਦੇ ਨੇ... ...

7

ਜਾਂ ਅਣਖ ਹਿੰਦੀ ਦੀ ਰਹੂ ਤੇ ਜਾਂ ਰਾਜ ਕਰਨਗੇ ਗੋਰੇ।
ਜੋ ਟਾਊਟੀ ਕਰਦੇ ਨੇ ਸਮਝੋ ਬੰਨ੍ਹ ਬਿਸਤਰੇ ਤੋਰੇ।

ਇਹ ਗੱਲਾਂ ਸੱਚੀਆਂ ਨੇ ਕਾਗਾਂ ਨਾਲ ਹੰਸ ਨਾ ਰਲਦੇ।
ਆਖ਼ਰ ਪਛਤਾਉਂਦੇ ਨੇ... ...

8

ਬੱਬਰਾਂ ਦੇ ਵਿਚੋਂ ਹੀ ਪੋਤਰਾ ਤੇਰੀ ਪੁਲਿਸ ਨੇ ਮਾਰਿਆ।
ਨੂੰਹ ਦਾ ਕੋਈ ਪਤਾ ਨਹੀਂ ਕਿਧਰ ਤੁਰ ਗਈ ਵੇ ਹਤਿਆਰਿਆ।
ਹੁਣ ਜਰੀਦਾ ਨਹੀਂ ਅੱਜ ਤਕ ਰਹੇ ਤਕਲੀਫ਼ਾਂ ਝੱਲਦੇ।
ਆਖ਼ਰ ਪਛਤਾਉਂਦੇ ਨੇ... ...

9

ਮੈਂ ਘਰ ਕੀ ਕਰਨਾ ਸੀ ਜਿਸ ਦੇ ਵਿਚ ਕੁਝ ਨਹੀਂ ਰਹਿ ਗਿਆ।
ਮੈਂ ਜਦ ਘਰ ਨੂੰ ਛੱਡਣ ਲੱਗੀ ਮੈਨੂੰ ਸ਼ੇਰ ਬੰਬਾਂ ਦਾ ਪੈ ਗਿਆ।
ਮੈਨੂੰ ਪੁੱਤਰ ਦੱਸ ਗਿਆ ਸੀ ਮਾਤਾ ਇਹ ਨੇ ਸੁੱਟਿਆਂ ਚੱਲਦੇ।
ਆਖ਼ਰ ਪਛਤਾਉਂਦੇ ਨੇ... ...

10

ਮੈਂ ਸੋਚਾਂ ਕਰੀਆਂ ਸੀ ਇਹ ਬੰਬ ਕੀਹਦੇ 'ਤੇ ਸੁੱਟਾਂ।
ਜਿਨ੍ਹਾਂ ਮੇਰਾ ਘਰ ਪੁੱਟਿਆ ਸੋਚਿਆ ਮੈਂ ਉਹਦਾ ਘਰ ਪੁੱਟਾਂ।
ਅਣਖੀ ਨਹੀਂ ਦੱਸ ਸਕਦੇ, 'ਜੋਗੀਆ' ਭੇਦ ਦਿਲਾਂ ਵਿਚ ਗੱਲ ਦੇ।
ਆਖ਼ਰ ਪਛਤਾਉਂਦੇ ਨੇ ਜਿਹੜੇ ਨਹੀਂ ਬਦੀਆਂ ਤੋਂ ਟਲਦੇ।

## ਸੀਨ 7

### ਬੱਬਰਾਂ ਦੀ ਹਾਲਤ

ਭਾਵੇਂ ਗੋਰਾ ਪੁਲਿਸ ਬੜੇ ਜ਼ੋਰ-ਸ਼ੋਰ ਨਾਲ ਵਫ਼ਾਦਾਰੀ ਨਿਭਾ ਰਹੀ



ਸੀ, ਏਧਰ ਬੱਬਰ ਅਕਾਲੀ ਵੀ ਦਿਨ-ਰਾਤ ਇਕ ਕਰ ਕੇ ਦੇਸ਼ ਦੀ ਸਵਤੰਤਰਤਾ ਵਿਚ ਰੁਝੇ ਹੋਏ ਸੀ। ਹੁਸ਼ਿਆਰਪੁਰ ਤੋਂ ਇਕ ਮੀਲ ਦੂਰ ਚਾਨਣੀ ਰਾਤ, ਪਹਾੜੀ ਇਲਾਕੇ ਵਿਚ ਸਿਰ-ਕੱਢ ਬੱਬਰ ਸੂਰਮੇ ਦੇਸ਼ ਦੀ ਆਜ਼ਾਦੀ ਦੀ ਮੱਚਦੀ ਸ਼ਮ੍ਹਾ ਵਿਚ ਆਪਾ ਭੇਟ ਕਰਨ ਵਾਸਤੇ ਸੋਚ ਰਹੇ ਸੀ। ਇਸ ਇਕੱਠ ਦਾ ਪ੍ਰਧਾਨ ਸੀ ਬਾਬਾ ਕਿਸ਼ਨ ਸਿੰਘ ਗੜਗੱਜ ਜਿਸ ਨੇ ਆਪਣਾ ਪ੍ਰਧਾਨਗੀ ਭਾਸ਼ਨ ਇਸ ਤਰ੍ਹਾਂ ਸ਼ੁਰੂ ਕੀਤਾ :

### ਦੋਹਿਰਾ

ਦੂਰ ਦੁਰੇਡੇ ਸ਼ਹਿਰ ਵਿਚੋਂ ਪਹੁੰਚੇ ਵਿਚ ਪਹਾੜ।
ਸੂਰਮਿਆਂ ਨੂੰ ਕਿਸ਼ਨ ਸਿੰਘ ਰਿਹਾ ਸੂਰਮਾ ਤਾੜ।

### ਕੋਰੜਾ

1

ਜਾਨ ਹੀਲੇ ਕਰੋ ਸ਼ੇਰੋ ਕੁਰਬਾਨੀਆਂ।
ਦੇਸ਼ ਵਿਚੋਂ ਰੋਕੋ ਹੋਣ ਤੋਂ ਸ਼ੈਤਾਨੀਆਂ।
ਰੁੱਸ ਗਈ ਆਜ਼ਾਦੀ ਨੂੰ ਮਨਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

2

ਝੋਲੀ-ਚੁੱਕ ਛੱਡਣੇ ਨਹੀਂ ਅੰਗਰੇਜ਼ ਦੇ,
ਸਾਡੀਆਂ ਜੋ ਡਾਇਰੀਆਂ ਨੇ ਨਿੱਤ ਭੇਜਦੇ
ਗੋਰੇ ਦਾ ਤਖ਼ਤ ਉਲਟਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

3

ਭਾਈ ਨਾਲੋਂ ਗੋਰੇ ਤੋੜਦੇ ਨੇ ਭਾਈ ਨੂੰ,
ਆਪਾ ਵਾਰ ਰੋਕੋ ਦੇਸ਼ ਦੀ ਤਬਾਹੀ ਨੂੰ।
ਕਿਲ੍ਹਾ ਹੈ ਬਦੇਸ਼ੀਆਂ ਦਾ ਢਾਹੁਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

4

ਬੱਬਰਾਂ ਨੂੰ ਜਿਹੜੇ ਆਦਮੀ ਫੜਾਉਂਦੇ ਨੇ।
ਬਾਰ 'ਚ ਮੁਰੱਬੇ ਉਹ ਇਨਾਮ ਚਾਹੁੰਦੇ ਨੇ।
ਸਭ ਨੂੰ ਮੁਨਾਫ਼ਾ ਹੈ ਪੁਚਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

5

ਸਵਾ-ਸਵਾ ਲੱਖ ਨਾਲ ਸਿੰਘ ਲੜੇ ਕਈ,
ਹੱਸ-ਹੱਸ ਸੂਰੇ ਫਾਂਸੀਆਂ 'ਤੇ ਚੜ੍ਹੇ ਕਈ,
ਗੈਰਾਂ ਮੂਹਰੇ ਸੀਸ ਨਹੀਂ ਝੁਕਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

6

ਗੌਰਮਿੰਟ ਬੰਦੇ ਸਾਡੇ ਵਿਚ ਘੱਲੇਗੀ,
ਪਰ ਏਥੇ ਜ਼ਹਿਰ ਖੰਡ 'ਚ ਨਾ ਰਲੇਗੀ,
ਸੱਚ ਨੂੰ ਇਸ਼ਾਰੇ 'ਤੇ ਨਚਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।



7

ਕੌਮ ਦੇ ਵਕੀਲੋਂ ਕਰ ਲਓ ਤਪੱਸਿਆ
ਸਾਡੇ ਮੂਹਰੇ ਆ ਗਈ ਕਰੜੀ ਸਮੱਸਿਆ।
ਸ਼ੇਰ ਹੋ ਕੇ ਚਿੱਤ ਨਾ ਭੁਲਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

8

ਕਰਦੀ ਹਜ਼ਾਰਾਂ ਜਤਨ ਪੁਲਿਸ ਪਈ,
ਤੇ ਭਰਦੀ ਹਜ਼ਾਰਾਂ ਬੱਬਰਾਂ ਦੀ ਫ਼ੀਸ ਪਈ,
ਠੁੱਡ ਨਾਲ ਲੋਭ ਠੁਕਰਾਉਣ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

9

ਨਲੂਏ ਨੂੰ ਯਾਦ ਕਰਨ ਪਠਾਣੀਆਂ,
ਦੁਨੀਆਂ 'ਤੇ ਕਾਇਮ ਕਰ ਦਿਉ ਕਹਾਣੀਆਂ,
ਦੇਸ਼ ਸੇਵਾ ਸਬਕ ਪਕਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

10

ਗਿੱਦੜਾਂ ਤੋਂ ਡਰੇ ਨਾ ਅਣਖ ਸ਼ੇਰਾਂ ਦੀ,
ਕਾਇਮ ਕੁਰਬਾਨੀ ਸੂਰਮੇ ਦੇ ਲੇਰਾਂ ਦੀ।
ਸਦਾ ਜੋਗੀ ਗੁਰਮੁਖਾਂ ਨਾ ਗਾਉਣਾ ਸੂਰਮਿਉਂ।
ਸਾਮਰਾਜ ਦੇਸ਼ 'ਚੋਂ ਮੁਕਾਉਣ ਸੂਰਮਿਉਂ।

ਇਕ ਹੋਰ ਘਟਨਾ ਵਾਪਰ ਗਈ। ਮੀਟਿੰਗ ਵਿਚ ਕਈ ਜ਼ਰੂਰੀ ਗੱਲਾਂ ਕਰਨੀਆਂ ਬਾਕੀ ਸੀ। ਇਕ ਬੀਬੀ ਜੋ ਰੁਖ-ਢੰਗ ਤੋਂ ਕਾਫ਼ੀ ਦੂਰੋਂ ਆਈ ਤੇ ਥੱਕੀ ਮਹਿਸੂਸ ਹੋ ਰਹੀ ਸੀ, ਉਸ ਨੇ ਪਹਿਰੇਦਾਰ ਕੋਲ ਆ ਕੇ ਫ਼ਤਹਿ ਬੁਲਾ ਕੇ ਬਾਬੇ ਗੜਗੱਜ ਨੂੰ ਮਿਲਣ ਦੀ ਖ਼ਾਹਿਸ਼ ਜ਼ਾਹਰ ਕੀਤੀ। ਉਸ ਵੇਲੇ ਡੀਊਟੀ ਵਾਲਾ ਕੋਲ ਪੁੱਜਾ। ਗੱਲ ਵਿਚ ਰੋਕ ਕੇ ਜ਼ਰੂਰੀ ਕੰਮ ਦੱਸਣ ਲੱਗਾ। ਬਾਬਾ ਜੀ ਨੂੰ ਇਕ ਤੀਵੀਂ ਆਉਣ ਦੀ ਖ਼ਬਰ ਦਿੰਦਾ ਹੈ ਤੇ ਗੜਗੱਜ ਸੋਨੇ ਵਿਚ ਖੋਟ ਪਿਆ ਦੱਸ ਕੇ ਪਹਿਰੇਦਾਰ ਨੂੰ ਇਉਂ ਕਹਿੰਦਾ ਹੈ:

### ਦੋਹਿਰਾ

ਅਜੇ ਫ਼ੈਸਲੇ ਸਿੰਘਾਂ ਨੇ ਨਾ ਚਾਹੜੇ ਸੀ ਤੋੜ।
ਅਸਲ ਸਮੇਂ ਦੀ ਚਾਲ ਵਿਚ ਆਉਣ ਲੱਗਾ ਸੀ ਮੋੜ।

### ਕਮਾਨੀ

1

ਰਾਖਾ ਬਾਬੇ ਤਾਈਂ ਬੁਲਾ ਕੇ,
ਆਖਿਆ ਥੋੜ੍ਹੀ ਦੂਰ ਲਿਜਾ ਕੇ,
ਕਹਿੰਦਾ ਸੁਣਿਓ ਜੀ ਚਿੱਤ ਲਾ ਕੇ,
ਬਾਹਰ ਇਕ ਬੀਬੀ ਆਈ ਆ।
ਇਉਂ ਜਾਪੇ ਜਿਉਂ ਖ਼ਾਸ
ਤੁਸਾਂ ਲਈ ਖ਼ਬਰ ਲਿਆਈ ਆ



2

ਇਹ ਔਰਤ ਕੌਣ ਕਿਵੇਂ ਹੈ ਆਈ,
ਇਸ ਨੂੰ ਕੀਹਨੇ ਹੈ ਦੱਸ ਪਾਈ,
ਹੋਣੀ ਚਾਹੁੰਦੀ ਹੈ ਵਰਤਾਈ,
ਇਹ ਗੱਲ ਆਖਣ ਡਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ ਦੇ ਵਿਚ,
ਖੋਟ ਪੈ ਗਿਆ ਏ।

3

ਨਹੀਂ ਜੇ ਗੱਲ ਖ਼ਤਰੇ ਤੋਂ ਖ਼ਾਲੀ,
ਦਾਰਾ ਸਿੰਘ ਦੀ ਉਹ ਘਰ ਵਾਲੀ,
ਕਰ ਲਉ ਕਦਰ ਸਮੇਂ ਦੀ ਬਾਹਲੀ,
ਦਾਸ ਨੇ ਸੱਚ ਸੁਣਾਈ ਐ।
ਇਉਂ ਜਾਪੇ ਜਿਉਂ... ...

4

ਮੇਰੇ ਮਨ ਅੰਦਰ ਸੱਚ ਵੱਸਿਆ,
ਉਸ ਨੂੰ ਭੇਤ ਕਿਸੇ ਹੈ ਦੱਸਿਆ,
ਵੈਰੀ ਆਉਂਦਾ ਹੋਵੇਗਾ ਨੱਸਿਆ,
ਕਿਸ ਦਾ ਬੇੜਾ ਬਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ... ...

5

ਮੀਟਿੰਗ ਏਥੇ ਹੁਣੇ ਮੁਕਾਈਏ,
ਛੇਤੀ ਆਪਣਾ ਆਪ ਬਚਾਈਏ,

ਸੋਝੀ ਕਰੋ ਨਾ ਗੱਲ ਗਵਾਈਏ,
ਏਸੇ ਵਿਚ ਭਲਾਈ ਏ।
ਇਉਂ ਜਾਪੇ ਜਿਉਂ ਖ਼ਾਸ... ...

6

ਮਤਾਂ ਕਰਨ ਨਾ ਲੋਕੀਂ ਹਾਸੀ,
ਪਹਿਲੇ ਉਸ ਦੀ ਕਰੋ ਤਲਾਸ਼ੀ,
ਤੁਸੀਂ ਹੋ ਰਣ ਦਲ ਦੇ ਵਾਸੀ,
ਹੋ ਕੇ ਸ਼ੇਰ ਕੋਈ ਸ਼ਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ... ...

7

ਕਹਿੰਦੀ ਜਥੇਦਾਰ ਨੂੰ ਮਿਲਣਾ
ਦੱਸਦੀ ਗੱਲ ਉਹ ਸੱਚੇ ਦਿਲ ਨਾ,
ਤੁਸੀਂ ਕਰੋ ਏਸ ਵਿਚ ਢਿੱਲ ਨਾ,
ਜਨਤਾ ਬਹੁ ਕੁਰਲਾਈ ਏ।
ਇਉਂ ਜਾਪੇ ਜਿਉਂ ਖ਼ਾਸ... ...

8

ਬੰਦੇ ਦੂਰ ਦੂਰ ਤਕ ਘੱਲੋ,
ਸਾਰੇ ਰਾਹ ਵੈਰੀ ਦੇ ਮੱਲੋ,
ਜਿਹੜੀ ਹੋਊ ਵੇਖਾਂਗੇ ਚੱਲੋ,
ਪਾਣੀ ਉਲਟਾ ਵਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ... ...



9

ਵੈਰੀ ਮਿੱਤ ਕਦੀ ਨਾ ਹੋਵੇ,
ਧਰਮੀ ਵੇਖ ਦੁਖੀ ਨੂੰ ਰੋਵੇ,
ਦੁਨੀਆਂ ਗ਼ਮ ਦੇ ਹਾਰ ਪਰੋਵੇ,
ਕਰ ਲਓ ਰਹਿਨੁਮਾਈ ਏ।
ਇਉਂ ਜਾਪੇ ਜਿਉਂ ਖ਼ਾਸ... ...

10

ਬੰਤਾ ਸਿੰਘ ਸੁੰਦਰ ਸਿੰਘ ਸੱਦ ਕੇ,
ਕਹਿੰਦਾ ਹੋਈ ਚਲਾਕੀ ਵੱਧ ਕੇ,
ਪਹਿਲਾਂ ਕੁਝ ਸਮੇਂ ਨੂੰ ਰੱਦ ਕੇ,
ਇਹ ਕੀਹਦਾ ਦਿਲ ਢਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ... ...

11

ਪਹਿਰੇਦਾਰ ਕਹੇ ਕੀ ਕਹਿਣਾ,
ਮੁਸ਼ਕਲ ਪਲ ਵੀ ਏਥੇ ਰਹਿਣਾ,
ਜਾਪੇ ਹੁਣੇ ਪੁਲਿਸ ਨੇ ਪੈਣਾ,
ਭੈਣ ਬੜੀ ਘਬਰਾਈ ਏ।
ਇਉਂ ਜਾਪੇ ਜਿਉਂ ਖ਼ਾਸ... ...

12

ਰਹੇ ਨਾ ਕੋਈ ਲਾਲਚ ਦਾ ਰੋਗੀ,
ਸਾਰੇ ਬਣ ਜਾਉ ਭੌਰ ਵਜੋਗੀ,

ਕਹਿੰਦਾ ਸੱਚ ਕਵੀਸ਼ਰ ਜੋਗੀ,
ਸ਼ੌਕੀਆ ਕੌਣ ਤ੍ਰਹਿ ਗਿਆ ਏ।
ਇਉਂ ਜਾਪੇ ਜਿਉਂ ਸੋਨੇ... ...

## ਅਗਲੀ ਵਾਰਤਾ

ਜਦੋਂ ਪਹਿਰੇ ਵਾਲਾ ਬਾਬਾ ਜੀ ਨੂੰ ਨਾਲ ਲੈ ਕੇ ਉਥੇ ਪੁੱਜਾ, ਜਿਥੇ ਬਲਬੀਰ ਕੌਰ ਖੜੀ ਸੀ ਤਾਂ ਬਾਬੇ ਨੇ ਕਿਹਾ, "ਦੇਵੀ, ਕੀ ਗੱਲ ਹੈ" ਦੇਵੀ ਨੇ ਕਿਹਾ, "ਬਾਬਾ ਜੀ, ਮੈਂ ਤੁਹਾਡੀ ਸੇਵਾ ਵਿਚ ਦੇਸ਼ ਪਿਆਰ ਵਾਸਤੇ ਇਸੇ ਪੁੱਜੀ ਹਾਂ। ਕੋਈ ਵਿਉਂਤ ਬਣਾਈ ਹੈ?" ਬਾਬੇ ਕਿਹਾ, "ਅਸਲ ਗੱਲ ਕਰ।" ਤਾਂ ਉਸ ਨੇ ਕਿਹਾ ਕਿ ਮੈਂ ਦਾਗੀ ਦੇ ਘਰੋਂ ਹਾਂ ਤੇ ਪਤੀ ਦੇ ਸਾਹਮਣੇ ਗੱਲ ਦੱਸਣੀ ਚਾਹੁੰਦੀ ਹਾਂ।"

ਦਾਰਾ ਸਿੰਘ ਨੂੰ ਸੱਦਿਆ ਗਿਆ ਤਾਂ ਸਾਹਮਣੇ ਪਤਨੀ ਖੜੀ ਦੇਖ ਕੇ ਬੋਲਿਆ, "ਤੂੰ ਇਥੇ ਕਿਉਂ?"

ਦੇਸ਼-ਹਿਤੂ ਬਲਬੀਰ ਕੌਰ ਨੇ ਆਪਣੀ ਪਤੀ ਦੀ ਗ਼ੱਦਾਰੀ ਦਾ ਚਿੱਠਾ ਇਉਂ ਪ੍ਰਗਟ ਕੀਤਾ:

## ਬੈਂਤ

ਭਰੀ ਦੁੱਖਾਂ ਦੀ ਕਹੇ ਬਲਬੀਰ ਕੌਰਾਂ,
ਮੇਰਾ ਪਤੀ ਜੇ ਦਗ਼ਾ ਕਮਾਉਣ ਵਾਲਾ।
ਏਹਨੇ ਪੁਲਿਸ ਨੂੰ ਦੱਸੀਆਂ ਸਭ ਗੱਲਾਂ,
ਦਸਤਾ ਪੁਲਿਸ ਦਾ ਹੁਣੇ ਹੈ ਆਉਣ ਵਾਲਾ।
ਖ਼ੁਫ਼ੀਆ ਪੁਲਿਸ ਨੂੰ ਡੈਰੀਆਂ ਨਿੱਤ ਦਿੰਦਾ,



ਮੇਰਾ ਪਤੀ ਹੈ ਤੁਹਾਨੂੰ ਮਰਵਾਉਣ ਵਾਲਾ।
ਵੀਰ ਤੁਸੀਂ ਜੋ ਨਵੀਂ ਸਕੀਮ ਸੋਚੋ,
ਇਹ ਹੈ ਝੱਟ ਜਲੰਧਰ ਪੁਚਾਉਣ ਵਾਲਾ।
ਜਿਵੇਂ ਹੋਂਵਦਾ ਉਵੇਂ ਬਚਾਅ ਕਰ ਲਓ,
ਵਕਤ ਨਹੀਂ ਜੇ ਹੱਥੋਂ ਗਵਾਉਣ ਵਾਲਾ।
ਲੱਭੇ ਦੇਸ਼ ਧਰੋਹੀਆਂ ਨੂੰ ਥਾਂ ਕੋਈ ਨਾ,
ਇਹ ਹੈ ਟਿੱਕੇ ਕਲੰਕ ਦੇ ਲਾਉਣ ਵਾਲਾ।
ਏਹਨੇ ਮਿਥ ਲਿਆ ਦੇਸ਼ ਧਰੋਹ ਕਰਨਾ,
ਪਛੋਤਾਊਗਾ ਵੇਲਾ ਗਵਾਉਣ ਵਾਲਾ।
ਹੋ ਕੇ ਹੰਸ ਤੇ ਕਾਗਾਂ ਵਿਚ ਜਾ ਰਲਿਆ,
ਇਹ ਹੈ ਕੋੜਮਾ ਗ਼ਰਕ ਕਰਾਉਣ ਵਾਲਾ।
ਸ਼ਕਲ ਮੋਮਨਾਂ ਦੀ ਕੰਮ ਕਾਫ਼ਰਾਂ ਦੇ,
ਇਹ ਹੈ ਵੀਰਾਂ 'ਤੇ ਅੱਗ ਵਰ੍ਹਾਉਣ ਵਾਲਾ।
ਇਹ ਹੈ ਚਾਹੁੰਦਾ ਇਨਾਮ ਅੰਗਰੇਜ਼ ਕੋਲੋਂ,
ਭੈੜਾ ਦੈਂਤ ਹੈ ਬੰਸ ਮੁਕਾਉਣ ਵਾਲਾ।
ਵੇਲਾ ਸਾਂਭ ਲਓ ਫੇਰ ਪਛਤਾਉਣਾ ਪਏ ਨਾ,
ਇਹ ਗ਼ੱਦਾਰ ਹੈ ਵੀਰ ਮਰਵਾਉਣ ਵਾਲਾ।
ਹਿਰਸ ਮਾਇਆ ਦੀ ਨਾਲ ਹੋ ਗਿਆ ਅੰਨ੍ਹਾ,
ਨਹੀਂ ਇਹ ਭੈੜੇ ਅਕੀਦਿਉਂ ਭੌਣ ਵਾਲਾ।
ਏਨੀ ਕਹਿੰਦਿਆਂ ਡਿੱਗੀ ਉਹ ਗ਼ਸ਼ ਖਾ ਕੇ,
ਕਹਿੰਦੀ 'ਜੋਗੀ' ਕਵੀਸ਼ਰੀ ਗਾਉਣ ਵਾਲਾ।

ਮਾਇਆ ਜਗ ਦੀ ਮੋਹ ਲਿਆ ਮਨ ਏਹਦਾ,
ਦੇਸ਼ ਭਗਤੋ ਇਹ ਤੁਹਾਨੂੰ ਫੜਾਉਣ ਵਾਲਾ।

ਗ਼ੱਦਾਰ ਦਾਰਾ ਸਿੰਘ ਦੀ ਲੋਥ ਉਥੇ ਛੱਡ ਕੇ ਬੇਹੋਸ਼ ਪਈ ਬਲਬੀਰ ਕੌਰ ਨੂੰ ਚੁੱਕ ਕੇ ਬੱਬਰ ਅਕਾਲੀ ਆਪਣੇ ਰਾਹ ਪੈ ਗਏ।

## ਸੀਨ 8

**ਵਰਿਆਮ ਸਿੰਘ ਡਾਕੂ ਤੋਂ ਬੱਬਰ ਅਕਾਲੀ ਕਿਵੇਂ ਬਣਿਆ?**

ਜਿਵੇਂ ਚੰਗੇ ਬੰਦੇ ਭਲੇ ਕੰਮ ਵਿਚ ਆਪਣੀ ਜ਼ਿੰਦਗੀ ਸਮਝਦੇ ਨੇ, ਉਸੇ ਤਰ੍ਹਾਂ ਮਾੜੇ ਬੰਦੇ ਦਾ ਖ਼ਿਆਲ ਸਦਾ ਬੁਰੇ ਕੰਮਾਂ ਵਿਚ ਮਗਨ ਰਹਿੰਦਾ ਹੈ। ਉਹਨਾਂ ਮਾੜੇ ਬੰਦਿਆਂ ਵਿਚੋਂ ਸੀ ਅਮਲੀ ਸ਼ਾਮਾ ਆਦਮਪੁਰੀਆ। ਇਸ ਨੇ ਵਰਿਆਮੇ ਡਾਕੂ ਧੁੱਗੇ ਵਾਲੇ ਨੂੰ ਕਿਹਾ ਕਿ ਮੈਂ ਤੈਨੂੰ ਇਕ ਮੁਰਗੀ ਦੇਣਾ ਚਾਹੁੰਦਾ ਹਾਂ ਪਰ ਮੇਰਾ ਵੀ ਕੁਝ ਸਵਾਰਨਾ ਪਵੇਗਾ। ਸੌਦਾ ਇਉਂ ਹੋਇਆ ਕਿ ਰਾਣੀਪੁਰੀਏ ਸੋਹਣ ਸਿੰਘ ਦੀ ਕੁੜੀ ਨਿਹਾਲੋ ਜੋ ਜ਼ੈਲਦਾਰ ਬਿਸ਼ਨ ਸਿੰਘ ਦੀ ਮੌਤ ਤੋਂ ਬਾਅਦ ਆਦਮਪੁਰ ਮਾਸੀ ਕੋਲ ਰਹਿੰਦੀ ਸੀ, ਉਸ ਨੂੰ ਤੁਸੀਂ ਚੁੱਕ ਲਵੋ ਤੇ ਮੰਗੋ ਮਹਿਰੀ ਜਿਸ ਦਾ ਪਤੀ ਕਰਤਾਰ ਸਿੰਘ ਕਲਕੱਲੇ ਗ਼ੱਦਰੀ ਬਾਬਿਆਂ 'ਤੇ ਗੋਲੀ ਚੱਲਣ ਸਮੇਂ ਮਾਰਿਆ ਗਿਆ ਸੀ, ਉਹ ਮੇਰੇ ਹਵਾਲੇ ਕਰ ਜਾਓ। ਮੇਰੀ ਵੀ ਰੋਟੀ ਪੱਕਣ ਲੱਗ ਪਵੇਗੀ। ਸਮਾਂ ਪਾ ਕੇ ਵਰਿਆਮ ਡਾਕੂ ਆਪਣਾ ਟੋਲਾ ਲੈ ਕੇ ਆਦਮਪੁਰ 'ਤੇ ਇਸ ਤਰ੍ਹਾਂ ਹਊਆ ਬਣ ਕੇ ਪਿਆ, ਉਸ ਨੇ ਇਸ ਤਰ੍ਹਾਂ ਮਨਮਾਨੀ ਕੀਤੀ :



### ਦਵੱਈਆ

1

ਬੰਦੇ ਲੈ ਕੇ ਜਦੋਂ ਪੈ ਗਿਆ ਡਾਕੂ ਮਾਰਨ ਡਾਕਾ।
ਫਾਇਰ ਹੋਏ ਪੱਕੀਆਂ ਰਫ਼ਲਾਂ ਦੇ ਪਿੰਡ ਵਿਚ ਹੋਇਆ ਧਮਾਕਾ।
ਇਹ ਕਿਧਰੋਂ ਆ ਆਫ਼ਤ ਪੈ ਗਈ, ਆਖਣ ਲੱਗੇ ਸਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

2

ਇਕ ਜਣੇ ਨੇ ਇਉਂ ਆਖਿਆ ਘੋੜੇ ਉੱਤੇ ਚੜ੍ਹ ਕੇ।
ਜੇ ਕੋਈ ਪਿੰਡੋਂ ਬਾਹਰ ਨਿਕਲਿਆ ਮਾਰ ਦਿਆਂਗੇ ਫੜ ਕੇ।
ਇਹ ਡਾਕੂ ਵਰਿਆਮ ਸਿੰਘ ਹੈ ਲੱਗਾ ਕਰਨ ਨਤਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

3

ਜਿਸ ਡਾਕੂ ਵਰਿਆਮ ਸਿੰਘ ਤੋਂ ਕੁਲ ਇਲਾਕਾ ਸ਼ਹਿ ਗਿਆ।
ਆਦਮਪੁਰ 'ਤੇ ਟੋਲੀ ਲੈ ਕੇ ਹਊਆ ਸਮਝੋ ਪੈ ਗਿਆ।
ਕੁੰਡੇ ਲਾ ਕੇ ਵੜੇ ਅੰਦਰੀਂ ਲੋਕੀਂ ਕੁਲ ਵਿਚਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

4

ਚੋਣਵੇਂ ਘਰ ਨਗਰ ਦੇ ਲੁੱਟੇ ਸੀ ਮਨਆਈਆਂ ਕਰਦਾ।
ਪਿੰਡ 'ਚੋਂ ਕੋਈ ਮਰਦ ਨਾ ਉੱਠਿਆ ਜੋ ਲੋਕਾਂ ਲਈ ਮਰਦਾ।
ਅਣਖ ਪਿੱਛੇ ਕੁਰਬਾਨੀ ਵੇਲੇ, ਜਾਪੇ ਕੁਲ ਨਕਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

5

ਸਾਡੇ ਪਿੰਡ ਮਨਮਾਨੀਆਂ ਕਰਦੇ ਬਾਹਰ ਜਾਣ ਜਦ ਲੱਗੇ।
ਡਾਕੂ ਆਣ ਖਲੋ ਗਏ ਆ ਕੇ ਇਕ ਬੂਹੇ ਦੇ ਅੱਗੇ।
ਤਕੜੇ ਰਹਿਣਾ ਮੁਖੀਆ ਡਾਕੂ ਸਭ ਨੂੰ ਇਉਂ ਲਲਕਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

6

ਰਾਣੀਪੁਰੀਏ ਸੋਹਣ ਸਿੰਘ ਦੀ ਚੁੱਕ ਲਈ ਧੀ ਰੋਂਦੀ।
ਮਾਸੀ ਪਈ ਨਿਹਾਲੋ ਵੀ ਸੀ ਵਾਲ ਸੀਸ ਦੇ ਖੋਂਹਦੀ।
ਵਹਿਸ਼ੀ ਡਾਕੂ ਸੁਣਨ ਨਾ ਕੂਕਾਂ, ਕਰਦੇ ਉਲਟੇ ਕਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

7

ਏਸੇ ਪਿੰਡ ਦੇ ਦੂਜੇ ਪਾਸੇ ਜੋ ਮਹਿਰਿਆਂ ਦਾ ਘਰ ਸੀ।
ਰੋਂਦੀ ਤੀਵੀਂ ਚੁੱਕ ਕੇ ਲੈ ਗਏ ਕੁਲ ਭੁਲਾ ਕੇ ਡਰ ਸੀ।
ਲੋਕੀਂ ਸਹਿਮੇ ਆਖਣ ਰੱਬਾ ਕੀ ਹੋ ਰਹੇ ਵਰਤਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।

8

ਕੁੜੀ ਨਿਹਾਲੋ ਤੇ ਮੰਗੋ ਨੂੰ ਵੀ ਡਾਕੂ ਚੁੱਕ ਕੇ ਲੈ ਗਏ।
ਸ਼ਾਮੋ ਅਮਲੀ ਕਰੀ ਚਲਾਕੀ ਲੋਕੀਂ ਆਖਣ ਡਹਿ ਗਏ।
ਜੋਗੀ ਸਿਆਂ, ਦੁਨੀਆਂ ਦੇ ਦਿਲ ਦੀ ਕੌਣ ਸੁਣੇ ਸਰਕਾਰੇ।
ਮਿੰਟਾਂ ਅੰਦਰ ਸਹਿਮ ਗਏ ਸੀ ਲੋਕੀਂ ਡਰਦੇ ਮਾਰੇ।



ਸੋਹਣ ਸਿੰਘ ਰਾਣੀਪੁਰ ਦੀ ਧੀ ਨਿਹਾਲੋ ਨੂੰ ਵਰਿਆਮਾ ਆਪਣੇ ਨਾਲ ਲੈ ਗਿਆ ਤੇ ਧਰਮ ਸਿੰਘ ਬੱਬਰ ਦੀ ਮਾਤਾ ਸ਼ਾਮੋ ਅਮਲੀ ਦੇ ਹਵਾਲੇ ਕਰ ਗਿਆ। ਇਸ ਗੱਲ ਦਾ ਜਦੋਂ ਬਾਬੇ ਗੜਗੱਜ ਨੂੰ ਪਤਾ ਲੱਗਾ ਤਾਂ ਉਸ ਨੇ ਕੁਝ ਜ਼ਿੰਮੇਵਾਰ ਸਰਦਾਰ ਡਾਕੂਆਂ ਨੂੰ ਮਿਲ ਕੇ ਕਿਹਾ, "ਵਰਿਆਮੇ ਨੂੰ ਕਹਿ ਦੇਣ ਕਿ ਜੇ ਡਾਕਾ ਮਾਰਨ ਦਾ ਸ਼ੌਕ ਹੈ ਤਾਂ ਦੇਸ਼-ਵਾਸੀ ਲੁੱਟਣ ਵਿਚ ਧ੍ਰੋਹ ਕਿਉਂ ਕਰਦਾ ਹੈ, ਦੇਸ਼ ਦੇ ਵੈਰੀ ਲੁੱਟੇ ਤਾਂ ਬਹਾਦਰੀ ਸਮਝੀ ਜਾਵੇ।" ਇਕ ਦਸਤੀ ਚਿੱਠੀ ਲਿਖੀ ਜਿਸ ਦਾ ਵੇਰਵਾ ਇਸ ਤਰ੍ਹਾਂ ਬਿਆਨ ਕੀਤਾ ਜਾਂਦਾ ਹੈ:

## ਦੋਹਿਰਾ

ਰਾਮ ਸਿੰਘ ਤੇ ਧਰਮ ਸਿੰਘ ਤੋਂ ਸੁਣ ਕੇ ਸਾਰਾ ਹਾਲ।
ਬਾਬਾ ਲਿਖਦਾ ਚਿੱਠੀਆਂ ਬਹਿ ਕੇ ਗੁੱਸੇ ਨਾਲ।

ਕੋਰੜਾ

1

ਕਹਿੰਦਾ ਸ਼ੇਰ ਡਾਕੂਆਂ ਦੇ ਸਰਦਾਰ ਨੂੰ,
ਆ ਕੇ ਸਾਡੇ ਨਾਲ ਲੁੱਟ ਲੈ ਬਹਾਰ ਨੂੰ,
ਜੇ ਤੂੰ ਪਾਪੀ ਪਾਰ ਮਾਰ ਦਿਲ ਠਾਰਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

2

ਕਾਹਨੂੰ ਐਵੇਂ ਤੰਗ ਕਰਦਾ ਕਿਸਾਨਾਂ ਨੂੰ,
ਐਵੇਂ ਧੱਬੇ ਲਾਵੇਂ ਸਿੱਖੀ ਦੇ ਨਿਸ਼ਾਨਾਂ ਨੂੰ,
ਸੀਸ ਤੋਂ ਉਤਾਰ ਲੈ ਫ਼ਰਜ਼ਾਂ ਜੋ ਭਾਰੇ ਨੇ,

ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

3

ਬੇੜੀਆਂ ਦੇ ਪੂਰ ਤ੍ਰਿੰਞਣ ਕੁੜੀਆਂ,
ਕਹਿੰਦੇ ਨੇ ਸਬੱਬ ਨਾਲ ਰੂਹਾਂ ਜੁੜੀਆਂ,
ਵੇਖ ਚੁੱਕੀ ਅੱਤ ਗੋਰੀ ਸਰਕਾਰ ਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

4

ਰੱਜਦਾ ਜੇ ਮਨ ਕਰ ਕੇ ਕਰੋਧ ਲੈ,
ਆ ਜਾ ਗੋਰੇ ਦਿਆਂ ਟੋਡੀਆਂ ਨੂੰ ਸੋਧ ਲੈ,
ਸਿਰਾਂ ਨਾਲ ਮੌਤ ਦੇ ਬਿਆਨੇ ਤਾਰਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

5

ਵੇਖ ਕਿਵੇਂ ਜੱਗ ਦੀ ਇੱਜ਼ਤ ਲਹਿੰਦੀ ਐ,
ਸੂਰਮਿਆ ਇਸ ਤਰ੍ਹਾਂ ਨਾ ਸ਼ੋਭਾ ਪੈਂਦੀ ਐ,
ਕੂੜ ਦਾ ਪਸਾਰ ਇਹ ਵਿਸ਼ੇ ਵਿਕਾਰ ਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

6

ਸੋਚੀਂ ਤੇ ਵਿਚਾਰੀਂ ਵਰਿਆਮ ਦੂਲਿਆ,
ਚਾਹੀਦਾ ਅਸੂਲ ਕੋਈ ਬੇ-ਅਸੂਲਿਆ,
ਗੁੱਜਰਾਂ ਦੇ ਝੋਟੇ ਰੰਗੜਾਂ ਨਹੀਂ ਚਾਰਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।



7

ਲੁੱਟਣੇ ਗ਼ਰੀਬ ਕਾਹਦੀ ਬਲਵਾਨੀ ਆ,
ਜਗਦਾ ਨਹੀਂ ਦੀਵਾ ਚੋਰਾਂ ਦੀ ਨਿਸ਼ਾਨੀ ਆ,
ਬੁਲਬੁਲਾਂ ਨਾਲ ਰਲ ਜਾਣਾ ਨਾ ਗੁਟਾਰ ਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

8

ਮੈਨੂੰ ਕਹਿੰਦੇ ਲੋਕ ਗੜਗੱਜ ਵੀਰਨਾ,
ਮਿਲ ਪਉ ਕਿਸੇ ਥਾਂ ਕਿਸੇ ਪੱਜ ਵੀਰਨਾ,
ਬੱਬਰ ਤਾਂ ਅਣਖੀਆਂ ਦੇ ਪਹਿਰੇਦਾਰ ਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

9

ਤੇਰੀ ਅਤੇ ਮੇਰੀ ਜਾਂ ਸਿਰਾਂ ਦੀ ਬਾਜ਼ੀ ਆ,
ਹੋ ਕੇ ਰਹਿੰਦੀ ਗੱਲ ਜਿਵੇਂ ਰਾਮ ਰਾਜ਼ੀ ਆ,
ਜਿੱਤਣਾ ਮੈਦਾਨ ਅਣਖੀ ਕਟਾਰ ਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

10

ਦੇਸ਼ ਦੀ ਭਲਾਈ ਵਿਚ ਹਿੱਸਾ ਪਾ ਲਈਏ,
ਦੇਸ਼ ਸੇਵਾ ਮੇਵਾ ਪੱਕਾ ਰਲ ਖਾ ਲਈਏ,
ਸਿਆਸਤੀ ਅਖਾਣਾ ਅੰਗਰੇਜ਼ ਹਾਰਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

11

ਪੰਘਰ ਕੇ ਰਹਿਣਾ ਚਾਹੀਏ ਦਰਦੇ ਦਿਲੋਂ,
ਕੌਮੀ ਵਰਿਆਮ ਬਣ ਆਣ ਕੇ ਮਿਲੋ,
ਜੋਗੀਆਂ ਨਹੀਂ ਰੰਗ ਕਾਵਿ ਦੇ ਵਿਸਾਰਨੇ,
ਸੂਰਮਿਆ ਨੂੰ ਸੋਂਹਦੇ ਨਹੀਂ ਡਾਕੇ ਮਾਰਨੇ।

ਵਰਿਆਮ ਸਿੰਘ ਡਾਕੂ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਬਾਬਾ ਕਿਸ਼ਨ ਸਿੰਘ ਗੜਗੱਜ ਜੋ ਕਹਿੰਦਾ ਹੈ, ਉਹ ਕਰ ਕੇ ਵਿਖਾ ਦੇਂਦਾ ਹੈ। ਵਰਿਆਮੇ ਨੇ ਨਿਹਾਲੇ ਨੂੰ ਵਾਪਸ ਕਰ ਕੇ ਅੱਗੇ ਨੂੰ ਆਪਾ ਸੁਧਾਰਨ ਵਾਸਤੇ ਬਾਬਾ ਕਿਸ਼ਨ ਸਿੰਘ ਤੋਂ ਅਗਵਾਈ ਲੈਣੀ ਬੇਹਤਰ ਸਮਝੀ। ਉਹ ਦਿਆਲਪੁਰ ਰਿਆਸਤ ਕਪੂਰਥਲੇ ਦੀ ਰਖ ਵਿਚ ਜ਼ਿੰਮੇਵਾਰ ਬੱਬਰ ਅਕਾਲੀਆਂ ਦੀ ਸਹਾਇਤਾ ਨਾਲ ਆ ਕੇ ਮਿਲਿਆ। ਉਸ ਦੇ ਨਾਲ ਹੀ ਨਿਹਾਲੋ ਵੀ ਸੀ, ਜਿਸ ਨੂੰ ਉਸ ਦਿਨ ਦਾ ਬੁਖ਼ਾਰ ਸੀ, ਜਿਸ ਦਿਨ ਦੀ ਡਾਕੂਆਂ ਦੇ ਹੱਥ ਆਈ ਸੀ। ਜਿਸ ਕਰਕੇ ਸਤਿ ਵੀ ਉਸ ਦਾ ਕਾਇਮ ਸੀ। ਡਾਕੂਆਂ ਦੇ ਸਰਦਾਰ ਵਰਿਆਮ ਸਿੰਘ ਧੁਗੇ ਨੇ ਇਸ ਤਰ੍ਹਾਂ ਆਪਾ ਬਾਬਾ ਗੜਗੱਜ ਦੇ ਪੇਸ਼ ਕੀਤਾ :

## ਦੋਤਾਰਾ ਛੰਦ

1

ਜਦ ਆਣ ਦਿਆਲਪੁਰੇ ਦੀ ਰਖ ਵਿਚ ਸੀ ਬਾਬੇ ਨੂੰ ਮਿਲਿਆ।
ਭੁੱਲਾਂ ਦੇ ਦਫ਼ਤਰ 'ਚੋਂ ਸਾਰਾ ਫੋਲ ਵਿਖਾਉਂਦਾ ਦਿਲ ਆ।
ਸੇਵਾ ਲਈ ਆ ਮਿਲਿਆ ਕਰੜਾ ਮੰਨ ਕੇ ਤੁਹਾਡਾ ਨਾਵਾਂ।



ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

2

ਮੇਰੀ ਅੱਜ ਤੋਂ ਆਦਤ ਨਹੀਂ, ਪਿੱਛੇ ਬਹੁਤ ਭੁੱਲਾਂ ਮੈਂ ਕਰੀਆਂ।
ਦੁਨੀਆਂ ਦੇ ਲਹੂ ਦੀਆਂ ਮੈਂ ਚੁਲੀਆਂ ਰੱਜ-ਰੱਜ ਭਰੀਆਂ।
ਤੁਹਾਨੂੰ ਮੈਂ ਦੱਸਦਾ ਹਾਂ ਜਦ ਤੋਂ ਪਹਿਨਿਆ ਖ਼ੂਨੀ ਜਾਮਾ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

3

ਮੈਂ ਸੇਵਾਦਾਰ ਰਹੂੰ ਖਾਵਾਂ ਕਸਮ ਜਦੋਂ ਤਕ ਜੀਵਾਂ।
ਜੇ ਦੇਸ਼ ਧਰੋਹ ਕਰਾਂ ਸਮਝੋ ਰੱਤ ਮਾਸੂਮਾਂ ਪੀਵਾਂ।
ਮੇਰੇ 'ਤੇ ਮੇਹਰ ਕਰੋ, ਬਣ ਜਾਂ ਬੱਬਰ ਲਹਿਰ ਦਾ ਕਾਮਾ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

4

ਇਹ ਭੈਣ ਨਿਹਾਲੋ ਹੈ ਸੱਚੀ ਦਿਲ ਦੀ ਰਹੀ ਕੰਵਾਰੀ।
ਪਾਪੀ ਮਨ ਡੋਲੇ ਸੀ, ਸਤਿਗੁਰ ਰੱਖ ਲਈ ਪੈਜ ਹਮਾਰੀ।
ਵਰਿਆਮੇ ਜੀਊਣ ਦੀਆਂ ਸਮਝੋ ਅੱਜ ਤੋਂ ਪੈ ਗਈਆਂ ਸ਼ਾਮਾਂ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

5

ਮੈਨੂੰ ਅੱਖੀਂ ਦਿਸ ਰਹੇ ਨੇ ਸਿਰ 'ਤੇ ਚੌਰ ਬਦੇਸ਼ੀ ਝੁੱਲਣ।
ਸਿੱਪ ਮੌਜਾਂ ਕਰਦੇ ਨੇ ਹੀਰੇ ਕੌਡਾਂ ਦੇ ਵਿਚ ਰੁਲਣ।
ਰੋਜ਼ੀ ਤੋਂ ਡਾਕੂ ਹਾਂ ਮੇਰਾ ਧੁੱਗਾ[1] ਸਮਝੋ ਧਾਮਾ।

1. ਧੁੱਗਾ ਵਰਿਆਮ ਸਿੰਘ ਡਾਕੂ ਦਾ ਪਿੰਡ ਸੀ।

ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

6

ਮੇਰੀਆਂ ਜੀਵਨ ਜੋਤਾਂ 'ਚ ਕਚਰੇ ਰਹੇ ਖ਼ੂਨ ਦੇ ਬਲਦੇ।
ਕਿਤੇ ਲੋਹਾ ਢੋਂਦੇ ਨੇ ਬੰਦੇ ਡੰਗਰਾਂ ਵਾਂਗਰ ਚੱਲਦੇ।
ਅੱਜ ਮੂਹਰੇ ਚੌਧਰੀਆਂ ਮਾਂਚਾਂ ਕਰਦਾ ਮਾਜਾ ਗਾਮਾ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

7

ਮੈਨੂੰ ਡਿਊਟੀ ਬਖ਼ਸ਼ੋ ਜੀ ਵੇਖਿਓ ਕਿਵੇਂ ਰਾਸ ਰਚਾਵਾਂ।
ਅੰਗਰੇਜ਼ ਦੇ ਟਾਊਟਾਂ ਦੀ ਵੇਖਿਓ ਕਿਵੇਂ ਅਲਖ ਮੁਕਾਵਾਂ।
ਮੈਂ ਨ੍ਹੇਰਾ ਢੋਂਦਾ ਰਿਹਾ ਜੀਵਨ ਪਾਰਸ ਸਮਝਿਆ ਤਾਮਾ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

8

ਬਹੂ ਬੇਟੀਆਂ ਦੇਸ਼ ਦੀਆਂ ਅੱਜ ਤੋਂ ਮੇਰੀਆਂ ਧੀਆਂ ਭੈਣਾਂ।
ਇਹ ਜਨਮ ਸਵਾਰ ਲਈਏ ਸ਼ੋਭਾ ਬਿਨ ਜੀ ਕੇ ਕੀ ਲੈਣਾ।
ਜਗ ਜੋੜੀ ਬੋਲੇਗੀ ਜੋਗੀਆ ਮੇਰਾ ਲਗਾ ਕੇ ਧਾਮਾ।
ਹੱਥ ਬੰਨ੍ਹ ਕੇ ਕਹਿੰਦਾ ਸੀ ਮੈਂ ਹਾਂ ਜੀ ਡਾਕੂ ਵਰਿਆਮਾ।

## ਸੀਨ 9

ਡਾਕੂ ਤੋਂ ਬਣੇ ਦੇਸ਼-ਸੇਵਕ ਵਰਿਆਮ ਸਿੰਘ ਨੇ ਅਨੇਕਾਂ ਨੇਕ ਨਾਮੀਆਂ ਖੱਟੀਆਂ। ਪਾਰਟੀ ਭਲਾਈ ਦੇ ਸੈਂਕੜੇ ਕੰਮ ਕੀਤੇ, ਲੋਕਾਂ ਦੀ ਇੱਜ਼ਤ ਨਾਲ ਖੇਡਣ ਵਾਲੇ ਅਨੇਕਾਂ ਭੇੜਿਆਂ ਦੀ ਸੋਧ ਕੀਤੀ।



ਇਕ ਦਿਨ ਬੰਤਾ ਸਿੰਘ ਧਾਮੀਆ ਦੇ ਨਾਲ ਜਗਤ ਸਿੰਘ ਸ਼ਾਮ ਚੁਰਾਸੀ ਵਾਲੇ ਸਾਕਾਂ ਦੇ ਘਰ ਮੁੰਡੇਰ ਪਿੰਡ ਸੁੱਤੇ ਪਏ ਸਨ ਤਾਂ ਜਗਤ ਸਿੰਘ ਦੀ ਗ਼ਦਾਰੀ ਕਰਕੇ ਪੁਲਿਸ ਸੱਦ ਲਈ, ਉਸ ਵੇਲੇ ਵਰਿਆਮ ਸਿੰਘ ਧੁੱਗਾ ਤੇ ਬੰਦਾ ਸਿੰਘ ਧਾਮੀਆ ਨੇ ਇਉਂ ਬਹਾਦਰੀ ਵਿਖਾਈ :

### ਗੱਡੀ ਜੱਗਾ

ਮੌਕਾ ਤਾੜ ਕੇ ਪੁਲਿਸ ਨੇ ਘੇਰਾ
ਪਾ ਲਿਆ ਮੁਡੇਰ ਪਿੰਡ ਨੂੰ।
ਏਥੇ ਬੱਬਰ ਅਕਾਲੀ ਸੂਰਮੇ,
ਸੁੱਤੇ ਪਏ ਸੀ ਬੇਫ਼ਿਕਰੇ।
ਸਿੰਘ ਜਗਤ ਮਲਕੜੇ ਉੱਠ ਕੇ,
ਘਰ ਵਿਚੋਂ ਬਾਹਰ ਹੋ ਗਿਆ।
ਉਹਨੇ ਘਰ 'ਚੋਂ ਉਠਾਲ ਕੇ ਘਰ ਦੇ
ਹੌਲੀ ਦਿੱਤੀ ਬਹਾਰ ਕੱਢ ਲਏ।
ਸੀਗਾ ਵਿਕ ਗਿਆ ਜਗਤ ਸਿੰਘ ਪਾਪੀ
ਸ਼ਾਮ ਚੁਰਾਸੀ ਦਾ।
ਸੀਗੀ ਪੁਲਿਸ ਉਸ ਨੇ ਲਿਆਂਦੀ,
ਗੋਰੇ ਤੋਂ ਇਨਾਮ ਲੈਣ ਨੂੰ।
ਐਸਾ ਪੁੱਤਰ ਪੈਸੇ ਦਾ ਬਣਿਆ,
ਵੀਰ ਮਰਵਾਉਣ ਤੁਰ ਪਿਆ।
ਜਦੋਂ ਆਣ ਕੇ ਚਲਾਈ ਗੋਲੀ,
ਗੋਰਿਆਂ ਪੁਲਿਸ ਵਾਲਿਆਂ।

ਗੱਲ ਸਮਝੀ ਸ਼ੇਰ ਵਰਿਆਮੇ,
ਜਗਤਾ ਗ਼ਦਾਰ ਹੋ ਗਿਆ।
ਬੰਤਾ ਸਿੰਘ ਨੂੰ ਵੰਗਾਰ ਕੇ ਕਹਿੰਦਾ
ਉੱਠ ਬਈ ਮੈਦਾਨ ਮੱਲੀਏ।
ਉੱਠੇ ਸੂਰਮੇ ਵਾਹਿਗੁਰੂ ਕਹਿ ਕੇ,
ਚੜ੍ਹੇ ਉੱਤੇ ਕੋਠਿਆਂ ਦੇ।
ਇਕ ਲਾਗੇ ਸੀ ਗਵਾਂਢੀ ਦਾ ਚੁਬਾਰਾ
ਉਹਦੇ ਵਿਚ ਡਟੇ ਸੂਰਮੇ।
ਬੰਨ੍ਹ ਸ਼ਿਸਤਾਂ ਚਲਾਉਂਦੇ ਗੋਲੀ,
ਹੈ ਸੀ ਚਾਰ ਲੱਖ ਸੂਰਮੇ।
ਨੱਥਾ ਸਿੰਘ ਤੇ ਜਵਾਲਾ ਸਿੰਘ ਨਾਲ ਸੀ,
ਮੌਤ ਨੂੰ ਖਿਡਾਵੀ ਜਾਣਦੇ।
ਗਈ ਪੇਸ਼ ਨਾ ਪੁਲਿਸ ਦੀ ਕੋਈ
ਕਿਵੇਂ ਹੋਵੇ ਢੰਗ ਸੋਚਦੇ।
ਕਹਿੰਦੇ ਲੋਕਾਂ ਨੂੰ ਘਰਾਂ 'ਚੋਂ ਕੱਢ ਕੇ
ਅੱਗ ਲਾਈਏ ਕੋਠਿਆਂ ਨੂੰ।
ਕਹਿੰਦੇ ਪਿੰਡ ਨੂੰ ਹੋਊ ਜੋ ਹਰਜਾਨਾ,
ਗੋਰੀ ਸਰਕਾਰ ਭਰੂ।
ਅੱਗ ਲੱਗੀ ਜਾਂ ਹੇਠਲੀ ਛੱਤ ਨੂੰ,
ਵੇਖੀ ਵਰਿਆਮ ਸਿੰਘ ਨੇ।
ਚਾਰ ਸੂਰਮੇ ਚੁਬਾਰੇ ਵਿਚੋਂ ਨਿਕਲ ਕੇ



ਦੂਜੇ ਪਾਸੇ ਜਾਣ ਲੱਗੇ।
ਹੈ ਸੀ ਮੀਂਹ ਗੋਲੀਆਂ ਦਾ ਵਰ੍ਹਦਾ
ਬੱਬਰਾਂ ਦੇ ਮਾਰਨ ਨੂੰ।
ਨੱਥਾ ਸਿੰਘ ਨੂੰ ਵੱਜੀ ਆ ਗੋਲੀ,
ਡਿੱਗ ਪਿਆ ਧਰਤੀ 'ਤੇ।
ਏਨੇ ਚਿਰ ਨੂੰ ਦੂਜਾ ਵੀ ਏਦਾਂ ਡਿੱਗਿਆ
ਧਾਮੀਆ ਦਾ ਸ਼ੇਰ ਸੂਰਮਾ।
ਦੋ ਸੂਰਮੇ ਸ਼ਹੀਦੀ ਪਾ ਗਏ
ਤੀਜਾ ਸ਼ੇਰ ਹੋ ਗਿਆ ਜ਼ਖ਼ਮੀ।
ਕਹਿੰਦਾ ਵੀਰ ਸ਼ੇਰ ਵਰਿਆਮਿਆ
ਜਾਹ ਜੇ ਬਚਾਅ ਹੋ ਸਕੇ।
ਪਾਪੀ ਜਗਤਾ ਨਿਕਲਿਆ ਪੋਲਾ
ਦੱਸ ਦੇਵੀਂ ਬਾਬੇ ਨੂੰ।
ਸੀਗਾ ਸ਼ੇਰ ਵਰਿਆਮਾ ਫ਼ੌਜੀ,
ਜੰਗ ਦੇ ਸੀ ਢੰਗ ਜਾਣਦਾ।
ਛਾਲ ਮਾਰ ਕੇ ਕੋਠੇ ਤੋਂ ਨੱਸ ਗਿਆ,
ਵਰ੍ਹਦੀਆਂ ਗੋਲੀਆਂ ਵਿਚੋਂ।
ਗੋਲੀ ਬੰਦ ਜਾਂ ਹੋਈ ਡਿੱਠੀ ਅੱਗਿਉਂ
ਸਾਹ ਲਿਆ ਲੋਕਾਂ ਸੁਖ ਦਾ।
ਹੁਣ ਪੰਜ ਕੁ ਹਜ਼ਾਰ ਦੀਆਂ ਆਸਾਂ
ਹੋ ਗਈਆਂ ਜਗਤ ਸਿੰਘ ਨੂੰ।

ਮਾਇਆ ਨਾਗਨੀ ਚਲਾਏ ਡੰਗ ਐਸੇ
ਵੀਰ ਮਰਵਾਏ ਵੀਰ ਨੇ।
ਜਿੰਨਾ ਚਿਰ ਰਹੂ ਦੇਸ਼ ਵਿਚ ਗੋਰਾ,
ਘਰਾਂ ਵਿਚ ਅਣਖੀ ਕਿਵੇਂ ਬਹਿਣਗੇ।
ਟੋਡੀਆਂ ਨੂੰ ਬੱਬਰ ਸਦਾ ਪੈਂਦੇ ਰਹਿਣਗੇ।

ਜਿਸ ਡਾਕੂ ਨੂੰ ਸ਼ਰਾਬ ਪੀ ਕੇ ਲੋਕਾਂ ਦੇ ਘਰ ਲੁੱਟਣ ਦੀ ਆਦਤ ਸੀ, ਬਾਬਾ ਕਿਸ਼ਨ ਸਿੰਘ ਦੀ ਮੁਲਾਕਾਤ ਨੇ ਦੇਸ਼ ਸੇਵਾ ਵੱਲ ਮੋੜ ਦਿੱਤਾ। ਇਕ ਵਾਰ ਪਾਰਟੀ ਵਾਸਤੇ ਸ਼ਮਸ਼ੇਰ ਦਾ ਸਟੇਸ਼ਨ ਲੁੱਟਣ ਗਏ। ਨਾਲ ਦੇ ਇਕ ਬੰਦੇ ਦਾ ਬੰਤਾ ਸਿੰਘ ਤੇ ਵਰਿਆਮ ਸਿੰਘ ਨੂੰ ਆਪਣੇ ਹੱਥਾ ਖ਼ਾਤਮਾ ਕਰਨਾ ਪਿਆ ਕਿਉਂਕਿ ਉਸ ਨੇ ਸਟੇਸ਼ਨ ਮਾਸਟਰ ਦੀ ਘਰਦੀ ਨਾਲ ਮਾੜਾ ਵਰਤਾਉ ਕੀਤਾ ਸੀ।

ਮੁਡੇਰ ਦੇ ਸੜਦੇ ਪਿੰਡ ਵਿਚੋਂ ਨੱਸ ਕੇ ਲਾਇਲਪੁਰ ਦੀ ਬਾਰ ਵਿਚ ਜਾ ਪੁੱਜਾ। ਇਸ ਸੂਰਮੇ ਦੀ ਸੂਹ ਕੱਢਦਾ ਰਲਾ ਸਿੰਘ ਮਾਣੋਕੇ ਦਾ ਝੋਲੀ-ਚੁੱਕ ਢਪਈ ਬਾਰ ਵਿਚ ਜਾ ਪੁੱਜਾ। ਜਦ ਉਸ ਨੇ ਵਰਿਆਮ ਸਿੰਘ ਦੇ ਬਹਾਦਰ ਭਰਾ ਨੂੰ ਲਾਲਚ ਵਿਚ ਫਸਾ ਕੇ ਠੀਕਰੀਵਾਲੇ ਠਾਣੇ ਦੀ ਪੁਲਿਸ ਲੈ ਆਂਦੀ ਤਾਂ ਸੂਰਮਾ ਵਰਿਆਮ ਸਿੰਘ ਚਾਰ ਕੋਹ ਪੁਲਿਸ ਦਾ ਮੁਕਾਬਲਾ ਕਰਦਾ ਪੁਲਿਸ ਨੂੰ ਮੂਹਰੇ ਨੱਸ ਕੇ ਬਚ ਗਿਆ ਤੇ ਬਾਬਾ ਗੜਗੱਜ ਨੂੰ ਫਿਰ ਆਣ ਮਿਲਿਆ।



# ਸੀਨ 10

## ਸਿਰਲੱਥ ਸੂਰਮੇ ਧੰਨਾ ਸਿੰਘ ਬਹਿਬਲਪੁਰੀ ਦੀ ਬਹਾਦਰੀ

ਧੰਨਾ ਸਿੰਘ ਬਹਿਬਲਪੁਰੀ ਜਦ ਦਾ ਬਾਬਾ ਕਿਸ਼ਨ ਸਿੰਘ ਨੂੰ ਮਿਲ ਕੇ ਦੇਸ਼ ਸੇਵਾ ਦੀ ਸਹੁੰ ਖਾ ਚੁੱਕਾ ਸੀ, ਉਸ ਨੇ ਦੇਸ਼ ਭਲੇ ਦੇ ਅਨੇਕਾਂ ਕੰਮ ਕੀਤੇ। ਇਹ ਅਨੇਕਾਂ ਗੋਰੇ ਅਫ਼ਸਰਾਂ ਨੂੰ ਹਰ ਵੇਲੇ ਰੜਕਦਾ ਰਹਿੰਦਾ ਸੀ ਕਿਉਂਕਿ ਇਸ ਨੇ ਬੜੇ ਟੋਡੀ ਸੋਧੇ ਸਨ। ਇਕ ਦਿਨ ਮੁਨਸ਼ੀ ਹਜ਼ਾਰਾ ਸਿੰਘ ਬਹਿਬਲਪੁਰੀਏ ਨੂੰ ਡਿਪਟੀ ਕਮਿਸ਼ਨਰ ਨੇ ਲਾਲਚ ਦਿੱਤਾ :

### ਦਵੱਈਆ ਛੰਦ

1

ਗੋਰਾ ਸਾਹਿਬ ਪੁਲਿਸ ਅਫ਼ਸਰ ਕਹੇ ਮੁਨਸ਼ੀ ਨੂੰ ਬਾਤਾਂ।
ਚੰਦ ਦਿਨਾਂ ਵਿਚ ਬੀਤ ਜਾਣਗੀਆਂ ਗ਼ਮ ਦੀਆਂ ਲੰਮੀਆਂ ਰਾਤਾਂ।
ਪਵੇ ਜੋ ਸ਼ਾਇਦ ਮੁਸੀਬਤ ਸਹਿਣੀ ਜੇ ਨਾ ਤੂੰ ਘਬਰਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

2

ਜਿਸ ਨੇ ਸਾਡੇ ਬੰਦੇ ਮਾਰੇ ਜੇ ਉਹਦੀ ਸੂਹ ਕੱਢੇਂ।
ਜਿਸ ਨੇ ਸਾਨੂੰ ਫ਼ਿਕਰ 'ਚ ਪਾਇਆ ਉਸ ਦਾ ਫਸਤਾ ਵੱਢੇਂ।
ਫ਼ੌਰਨ ਦਿਆਂ ਹਮਾਇਤੀ ਚਿੱਠੀ, ਜਿਸ ਦਿਨ ਦੱਸਣ ਆਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

3

ਕਦੇ ਕਦੇ ਉਹ ਰਾਤ-ਬਰਾਤੇ ਪਿੰਡ ਜ਼ਰੂਰੀ ਆਉਂਦਾ।
ਤੈਨੂੰ ਵੀ ਮਿਲਦਾ ਤੇ ਹੋਣਾ ਤੂੰ ਨਹੀਂ ਬਾਤ ਬਤਾਉਂਦਾ।
ਵਿਚ ਬਾਰ ਦੇ ਮਿਲਣ ਮੁਰੱਬੇ ਬੈਠਾ ਹੁਕਮ ਚਲਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

4

ਬੂਟਾ ਸਿੰਘ ਲੰਬੜ ਤੇ ਕਿਸ਼ਨਾ ਜ਼ੈਲਦਾਰ ਜਿਨ ਮਾਰੇ।
ਲਾਟ ਤਕ ਵੀ ਪੁੱਜ ਗਏ ਨੇ, ਉਨ ਜੋ ਕੀਤੇ ਕਾਰੇ।
ਸਾਨੂੰ ਵੀ ਕੁਝ ਅਹੁਦਾ ਮਿਲ ਜਾਊ ਜੇ ਤੂੰ ਭਾਰ ਵੰਡਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

5

ਮਰ ਚੁੱਕਾ ਬੰਤਾ ਸਿੰਘ ਧਾਮੀ, ਪਿੰਡ ਮੁੰਡੇਰ ਦੇ ਅੰਦਰ।
ਮਿਲੇ ਇਨਾਮ ਤੇ ਜਗਤ ਸਿੰਘ[1] ਦੇ ਉੱਚੇ ਪੈ ਰਹੇ ਮੰਦਰ।
ਫੇਰ ਨਹੀਂ ਐਸਾ ਮੌਕਾ ਮਿਲਣਾ, ਜੇ ਹੁਣ ਸਮਾਂ ਗਵਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

6

ਚੰਦ ਦਿਨਾਂ ਤਕ ਫੜਿਆ ਜਾਣਾ ਜੋ ਡਾਕੂ ਵਰਿਆਮਾ[2]।

1. ਜਗਤ ਸਿੰਘ ਦਾ ਪਿੰਡ ਸ਼ਾਮ ਚੁਰਾਸੀ ਸੀ, ਮੁੰਡੇਰ ਪਿੰਡ ਉਸ ਦੇ ਰਿਸ਼ਤੇਦਾਰ ਸਨ, ਜਿਥੇ ਉਸ ਨੇ ਪੁਲਿਸ ਪਵਾ ਦੇ ਦੇਸ਼ ਭਗਤ ਸ਼ਹੀਦ ਕਰਵਾਏ ਤੇ ਦੇਸ਼ ਧਰੋਹੀ ਬਣਿਆ।
2. ਵਰਿਆਮ ਸਿੰਘ ਧੁੱਗਾ, ਇਹ ਮੁੰਡੇਰ ਤੋਂ ਚੱਲਦੀ ਗੋਲੀ ਵਿਚੋਂ ਬਚ ਕੇ ਨਿਕਲ ਗਿਆ ਸੀ।



ਜਿਸ ਨੇ ਮਾਰਿਆ ਫਾਹੇ ਦੇ ਕੇ ਆਦਮਪੁਰੀਆ ਸ਼ਾਮਾ।
ਮੇਰੀ ਵੀ ਗੱਲ ਸੂਤਰ ਆ ਜਾਏ, ਤੂੰ ਵੀ ਮੌਜ ਉਡਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

7

ਜੋ ਗਿਣ ਗਿਣ ਕੇ ਮਾਰੀ ਜਾ ਰਿਹਾ ਸਾਡੇ ਮਿੱਤਰ ਟੋਡੀ।
ਤੇਰੀ ਮਿਹਨਤ ਨੂੰ ਫਲ ਲੱਗੂ, ਦੇ ਅਕਲ ਦੀ ਗੋਡੀ।
'ਜੋਗੀ' ਪੂਜਾ ਕਰਨਗੇ ਤੇਰੀ ਜੇ ਤੂੰ ਭਲਾ ਕਮਾਵੇਂ।
ਮਿਲੂ ਇਨਾਮ ਜੇ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਾਵੇਂ।

## ਫੇਰ ਕੀ ਹੋਇਆ ?

ਗੋਰੇ ਪੁਲਸੀਏ ਅਫ਼ਸਰ ਨਾਲ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਹਾਂ ਕਰ ਕੇ ਮੁਨਸ਼ੀ ਹਜ਼ਾਰਾ ਸਿੰਘ ਮੁਰੱਬਿਆਂ ਦੇ ਲਾਲਚ ਵਿਚ ਫਸ ਗਿਆ, ਖ਼ਿਆਲਾਂ ਦੇ ਕਿਲ੍ਹੇ ਉਸਾਰਦਾ ਪਿੰਡ ਨੂੰ ਆਉਂਦਾ ਇਉਂ ਸੋਚਾਂ ਕਰਦਾ ਆ ਰਿਹਾ ਸੀ:

### ਬੈਂਤ

1

ਮੁਨਸ਼ੀ ਪਿੰਡ ਨੂੰ ਆ ਗਿਆ ਹਾਂ ਕਰ ਕੇ,
ਸੋਚਾਂ ਸੋਚਦਾ ਤੇ ਵਿਉਂਤਾਂ ਲਾਉਣ ਲੱਗਾ
ਮੌਕਾ ਤਾੜਦਾ ਕਦੋਂ ਇਨਾਮ ਲੈਣੇ,
ਵੱਡੇ ਆਸ ਦੇ ਕਿਲ੍ਹੇ ਬਣਾਉਣ ਲੱਗਾ।

2

ਯਾਰੀ ਨਾਲ ਅੰਗਰੇਜ਼ ਦੇ ਗੰਢ ਬੈਠਾ,
ਦੇਸ਼ ਭਗਤਾਂ ਨਾਲ ਦਗ਼ਾ ਕਮਾਉਣ ਲੱਗਾ।
ਕਦੋਂ ਕਿਤੋਂ ਮੁਨਸ਼ੀ ਜਿਹੜੀ ਗੱਲ ਸੁਣਦਾ,
ਝੱਟ ਠਾਣੇ 'ਚ ਰਪਟ ਲਿਖਾਉਣ ਲੱਗਾ।

3

ਕਹਿੰਦਾ ਹੋਣ ਮੁਰੱਬੇ ਬੇਗਿਣਤ ਮੇਰੇ,
ਗੀਤ ਦਿਲ ਬਹਾਰ ਦੇ ਗਾਉਣ ਲੱਗਾ।
ਹਰ ਵੇਲੇ ਜੋ ਦੇਸ਼ ਦਾ ਬੁਰਾ ਲੋੜੇ,
ਦੇਸ਼ ਵਾਸੀਆਂ ਨੂੰ ਕਦੋਂ ਭਾਉਣ ਲੱਗਾ।

4

ਜਿਹੜਾ ਕਿਸੇ ਦੇ ਬੁਰੇ ਵਿਚ ਖ਼ੁਸ਼ੀ ਰਹਿੰਦਾ,
ਕੌਣ ਉਸ ਦੀ ਸੁਖ ਮਨਾਉਣ ਲੱਗਾ।
ਏਧਰ ਬਾਬਾ ਗੜਗੱਜ ਵੀ ਸੋਚ ਕਰ ਕੇ,
ਧੰਨਾ ਸਿੰਘ ਨੂੰ ਹੁਕਮ ਸੁਣਾਉਣ ਲੱਗਾ।

5

ਸ਼ੇਰ ਸੂਰਮਿਆ ਉਹਨੂੰ ਵੀ ਸੋਧ ਲਈਏ,
ਜਿਹੜਾ ਖ਼ੁਸ਼ੀ ਹੈ ਸਾਨੂੰ ਫੜਾਉਣ ਲੱਗਾ।
ਉਹਨੂੰ ਕਾਲ ਦੇ ਪਿੰਜਰੇ ਵਿਚ ਪਾਈਏ,
ਜਿਹੜਾ ਅਣਖੀਆਂ ਨੂੰ ਜੇਲ੍ਹੇ ਪਾਉਣ ਲੱਗਾ।



6

ਲੈ ਜਾ ਨਾਲ ਬੰਦੇ ਜਿੰਨੇ ਚਾਹੀਦੇ ਨੇ,
ਗੱਲਾਂ ਦੱਸ ਲਈ ਗੋਲੀ ਚਲਾਉਣ ਲੱਗਾ।
'ਜੋਗੀ' ਤੁਰ ਪਿਆ ਬਾਬੇ ਦਾ ਹੁਕਮ ਲੈ ਕੇ,
ਹੱਥ ਜੋੜ ਕੇ ਫ਼ਤਹਿ ਬੁਲਾਉਣ ਲੱਗਾ।

ਬਾਬਾ ਕਿਸ਼ਨ ਸਿੰਘ ਗੜਗੱਜ ਦਾ ਹੁਕਮ ਲੈ ਕੇ ਅਤੇ ਕੁਝ ਸਾਥੀਆਂ ਨੂੰ ਨਾਲ ਲੈ ਕੇ ਸੂਰਮਾ ਧੰਨਾ ਸਿੰਘ ਆਪਣੇ ਪਿੰਡ ਪਹੁੰਚ ਗਿਆ। ਧੰਨਾ ਸਿੰਘ ਦਾ ਪਿੰਡ ਪਹੁੰਚਣ ਦਾ ਪਤਾ ਮੁਨਸ਼ੀ ਹਜ਼ਾਰਾ ਸਿੰਘ ਨੂੰ ਵੀ ਲੱਗ ਗਿਆ। ਮੁਨਸ਼ੀ ਹਜ਼ਾਰਾ ਸਿੰਘ ਸੁਖਣਾ ਸੁਖਦਾ ਸੀ ਕਿ ਧੰਨਾ ਸਿੰਘ ਕਦੋਂ ਪਿੰਡ ਆਵੇ। ਮੁਨਸ਼ੀ ਨੇ ਪਾਈ ਘੋੜੇ 'ਤੇ ਕਾਠੀ ਅਤੇ ਠਾਣੇ ਨੂੰ ਤਿਆਰ ਹੋ ਗਿਆ। ਪਿੰਡੋਂ ਥੋੜ੍ਹੀ ਦੂਰ ਹੀ ਗਿਆ ਸੀ ਜਦ ਉਸ ਦਾ ਇਕ ਮਿੱਤਰ ਮਿਲਿਆ, ਜਿਹੜਾ ਠਾਣੇ ਵੱਲੋਂ ਆ ਰਿਹਾ ਸੀ। ਉਸ ਨੇ ਮੁਨਸ਼ੀ ਨੂੰ ਕਿਹਾ, "ਮੁਨਸ਼ੀ ਜੀ, ਚੰਗੇ ਰਹੋ ਜੇ ਐਸ ਵੇਲੇ ਨਾ ਜਾਉ। ਕਿਉਂਕਿ ਮੈਨੂੰ ਆਉਂਦੇ ਨੂੰ ਇਉਂ ਜਾਪਿਆ ਹੈ ਜਿਵੇਂ ਤੂਤਾਂ ਵਾਲੇ ਖੂਹ 'ਤੇ ਬੈਠੇ ਬੱਬਰ ਅਕਾਲੀ ਗੱਲਾਂ ਕਰਦੇ ਹੁੰਦੇ ਨੇ।" ਉਹ ਮੁਨਸ਼ੀ ਨੂੰ ਇਉਂ ਦੱਸ ਰਿਹਾ ਹੈ:

## ਕਾਫ਼ੀ ਛੰਦ

1

ਘੋੜੀ ਉੱਤੇ ਚੜ੍ਹ ਕੇ ਮੁਨਸ਼ੀ,
ਜਦ ਠਾਣੇ ਨੂੰ ਜਾਣ ਲੱਗਾ।

ਆ ਕੇ ਇਕ ਮੁਨਸ਼ੀ ਦਾ ਮਿੱਤਰ,
ਸਾਰੀ ਗੱਲ ਸਮਝਾਉਣ ਲੱਗਾ।
ਜਿਉਂ ਮਿੱਤਰਾਂ ਦੇ ਮੂਹਰੇ ਮਿੱਤਰ,
ਦਿਲ ਨਜ਼ਰਾਨਾ ਧਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

2

ਮੌਕਾ ਕਿਤੇ ਗੁਆਚ ਨਾ ਜਾਏ,
ਸਹਿਜੇ ਸਹਿਜੇ ਕਹਿੰਦੇ ਸੀ।
ਗੱਲਾਂ ਸੁਣ ਕੇ ਮੇਰੇ ਦਿਲ ਨੂੰ,
ਸੱਚ ਹੌਲ ਜਿਹੇ ਪੈਂਦੇ ਸੀ।
ਨਿੱਤ ਦਿਹਾੜੇ ਪਤਾ ਤੁਸਾਂ ਨੂੰ,
ਯਾਰ ਤੁਹਾਡੇ ਮਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

3

ਹੋ ਸਕਦਾ ਹੈ ਖ਼ਤਰਾ ਕੋਈ,
ਤੁਸੀਂ ਏਸ ਰਾਹ ਜਾਓ ਨਾ।
ਜਾਪੇ ਹੋਣੀ ਕੂਕ ਰਹੀ ਹੈ,
ਮੌਕਾ ਐਵੇਂ ਗਵਾਉ ਨਾ।
ਬੇਸ਼ੱਕ ਸਾਰੇ ਵੱਡੇ ਅਫ਼ਸਰ,



ਤੁਹਾਡੀ ਹਾਮੀ ਭਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

4

ਜੈਮਲ ਸਿੰਘ ਦੇ ਖੂਹ 'ਤੇ ਬੈਠੇ,
ਜਾਪਣ ਵਿਉਂਤਾਂ ਲਾ ਰਹੇ ਨੇ।
ਜੋ ਗੋਰੇ ਦੇ ਯਾਰਾਂ ਨੂੰ,
ਦਿਨ ਦੀਵੀਂ ਮਾਰ ਮੁਕਾ ਰਹੇ ਨੇ।
ਮੈਂ ਤਾਂ ਤੁਹਾਡਾ ਭਲਾ ਲੋੜਦਾ,
ਵੇਖ ਲਿਚ ਜਿਉਂ ਸਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

5

ਬੱਬਰਾਂ ਤੋਂ ਬਿਨ ਇਸ ਮੌਕੇ 'ਤੇ,
ਕਿਸ ਨੇ ਏਥੇ ਆਉਣਾ ਸੀ।
ਸੋਚੋ ਤਾਂ ਸਹੀ ਐਵੇਂ ਓਥੇ,
ਕਿਸ ਨੇ ਫੇਰਾ ਪਾਉਣਾ ਸੀ।
ਜੋ ਸਰਕਾਰੀ ਬੰਦੇ ਆਖਣ,
ਉਹ ਗੱਲ ਉਹ ਨਾ ਜਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

6

ਤੁਹਾਨੂੰ ਕੰਮ ਜ਼ਰੂਰੀ ਹੈ ਤਾਂ,
ਦੂਜੇ ਰਸਤੇ ਪੈ ਜਾਉ।
ਜੇਕਰ ਜਾਣੋਂ ਰੁਕ ਨਹੀਂ ਸਕਦੇ,
ਨਾਲ ਬੰਦੇ ਦੋ ਲੈ ਜਾਉ।
ਵਧਦੇ ਜਾਂਦੇ ਬੜੇ ਦਲੇਰ ਉਹ,
ਨਾ ਗੋਰੇ ਤੋਂ ਡਰਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

7

ਮੁਨਸ਼ੀ ਸੁਣ ਦੋਸਤ ਦੀਆਂ ਗੱਲਾਂ,
ਸੋਚੇ ਕਿਧਰ ਨੂੰ ਜਾਵਾਂ ਹੁਣ।
ਸੱਪ ਦੇ ਮੂੰਹ ਵਿਚ ਕਿਰਲੀ ਆਈ,
ਕੋਹੜ ਹੁੰਦਾ ਜੇ ਖਾਵਾਂ ਹੁਣ।
'ਜੋਗੀ ਸਿੰਘਾ' ਖੇਲ ਅਨੋਖੇ,
ਸੱਚੇ ਕਾਰੀਗਰ ਦੇ ਨੇ।
ਇਉਂ ਜਾਪੇ ਜਿਉਂ ਬੱਬਰ ਅਕਾਲੀ,
ਖੂਹ 'ਤੇ ਗੱਲਾਂ ਕਰਦੇ ਨੇ।

ਮੁਨਸ਼ੀ ਅਜੇ ਫ਼ੈਸਲਾ ਨਾ ਕਰ ਸਕਿਆ ਕਿ ਠਾਣੇ ਨੂੰ ਜਾਵਾਂ ਕਿ ਪਿੱਛੇ ਮੁੜਾਂ। ਏਨੇ ਚਿਰ ਨੂੰ ਦੋ ਘੋੜ ਅਸਵਾਰ ਆਣ ਪਹੁੰਚੇ।



ਮੁਨਸ਼ੀ ਦੇ ਦੋਵੇਂ ਪਾਸੇ ਰੋਕ ਕੇ ਲਲਕਾਰ ਕੇ ਆਖਣ ਲੱਗੇ, "ਮੁਨਸ਼ੀ ਜੀ, ਕਿਥੇ ਚੱਲੇ ਹੋ?"

ਅੰਤ ਸੂਰਮਾ ਧੰਨਾ ਸਿੰਘ ਬੱਬਰ ਅਕਾਲੀ ਮੁਨਸ਼ੀ ਨੂੰ ਇਉਂ ਲਲਕਾਰਦਾ ਹੈ:

## ਪਉੜੀ

1

ਘੋੜ ਅਸਵਾਰਾਂ ਆਣ ਕੇ ਗੱਲ ਇਕੋ ਕੀਤੀ।
ਮੁਨਸ਼ੀ ਜੀ ਦੀ ਲੱਥ ਗਈ ਜੋ ਤੁਰਦਿਆਂ ਪੀਤੀ।
ਜਦ ਜੋਧਿਆਂ ਨੇ ਮਾਰਿਆ ਆ ਕੇ ਲਲਕਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

2

ਧੰਨਾ ਸਿੰਘ ਫੜਾਉਣ ਲਈ ਚੱਲਿਆ ਸੈਂ ਦੱਸਣ।
ਹੁਣ ਤੇ ਤੈਨੂੰ ਅਸਾਂ ਨੇ ਦੇਣਾ ਨਹੀਂ ਨੱਸਣ।
ਹੈ ਤੈਨੂੰ ਸੱਚ ਦੱਸਦਾ ਕੌਮੀ ਹਲਕਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

3

ਪਹਿਲੀ ਤੀਵੀਂ[1] ਨਾਲ ਜੋ ਕੁਝ ਰਹੀ ਨਾਰਾਜ਼ੀ।
ਨਵਾਂ ਵਿਆਹ ਕਰਵਾ ਦੇਈਏ ਨਾ ਸਹੀ ਮੁਥਾਜੀ।

---

1. ਮੁਨਸ਼ੀ ਘਰਵਾਲੀ ਨਾਲ ਵੀ ਕੁਝ ਗੁੱਸੇ ਰਹਿੰਦਾ ਸੀ ਅਤੇ ਇਸ ਤਾੜ ਵਿਚ ਸੀ ਕਿ ਧੰਨਾ ਸਿੰਘ ਵਰਗੇ ਇਕ ਦੋ ਬੱਬਰ ਅਕਾਲੀ ਫੜਾ ਕੇ ਸਰਕਾਰੀ ਇਨਾਮ ਮਿਲਣ ਤੋਂ ਬਾਅਦ ਵਿਆਹ ਵੀ ਨਵਾਂ ਕਰਵਾਵਾਂਗਾ।

ਕੰਮ ਦੋ ਤਿੰਨ ਹਜ਼ਾਰ ਦਾ ਕੀ ਤੈਨੂੰ ਭਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

4

ਵੱਡੇ ਅਫ਼ਸਰ ਮਿਲੇ ਦੀ ਕਰ ਚੇਤੇ ਝਾਕੀ।
ਮਰਦਾ ਬੱਬਰ ਫੜਾਉਣ ਵਿਚ ਨਾ ਛੱਡੀਂ ਬਾਕੀ।
ਤਿੰਨ ਮੁਰੱਬੇ ਮਿਲਣਗੇ ਮੁਨਸ਼ੀ ਸਰਦਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

5

ਲਾਇਲਪੁਰੇ ਦੀ ਬਾਰ ਦੀ ਬੜੀ ਧਰਤੀ ਮੋਟੀ।
ਤਾਹੀਉਂ ਨਿਗ੍ਹਾ ਗ਼ੱਦਾਰ ਦੀ ਸੀ ਹੋ ਗਈ ਖੋਟੀ।
ਨਹੀਂ ਸੀ ਤੇਰਾ ਮੁਨਸ਼ੀਆ ਚੰਗਾ ਵਰਤਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

6

ਜਿਹੜੇ ਗੋਰੇ ਅਸਾਂ ਨੂੰ ਲੱਭ ਮਾਰਨ ਗੋਲੀ।
ਸਾਡੇ ਵੈਰੀ ਟੋਡੀਆ ਤੇਰੇ ਹਮਜੋਲੀ।
ਸਾਡੀ ਮੌਤ ਉਡੀਕਦਾ ਬਦਮਸਤ ਗ਼ੱਦਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

7

ਘੋੜੀ ਵੇਖ ਨਸਾ ਕੇ ਤੂੰ ਅੱਤ ਸੀ ਚੱਕੀ।
ਪਰ ਹੁਣ ਭੱਜ ਨਹੀਂ ਸਕਦੀ, ਮਿਰਜ਼ੇ ਦੀ ਬੱਕੀ।



ਸੋਚਾਂ ਕਰਦਾ ਲਾਲਚੀ ਬਲ ਹੋਇਆ ਨਕਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

8

ਮੌਕਾ ਤਾੜ ਕੇ ਨਾਲ ਦਾ ਸੀ ਹੋ ਗਿਆ ਲਾਂਭੇ।
ਏਨੇ ਚਿਰ ਨੂੰ ਸੋਧਿਆ ਪਿਸਤੌਲ ਸੀ ਸਾਂਭੇ।
ਮੌਤ ਆਵਾਜ਼ਾਂ ਮਾਰਦੀ ਨਾ ਸੁਣਦੀ ਲਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ।

9

ਦੋ ਤਿੰਨ ਗੋਲੀਆਂ ਸੋਧਿਆ ਸਿੱਧੀਆਂ ਕਰ ਛੱਡੀਆਂ।
ਇਕ ਪਾਸਿਉਂ ਦੀ ਮਾਰ ਕੇ ਦੂਜੇ ਪਾਸਿਉਂ ਕੱਢੀਆਂ।
'ਜੋਗੀ' ਆਖੇ ਖ਼ੂਨ ਦਾ ਚੱਲ ਰਿਹਾ ਫੁਹਾਰਾ।
ਜੇ ਨੱਸਣਾ ਤਾਂ ਨੱਸ ਲੈ ਗੋਰੇ ਦਿਆ ਯਾਰਾ[1]।

# ਸੀਨ 11

## ਬੱਬਰ ਧੰਨਾ ਸਿੰਘ ਦੀ ਸ਼ਹੀਦੀ

ਲਾਲਚ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦਾ। ਲਾਲਚ ਦੇ ਵੱਸ ਹੋ ਕੇ ਬੱਬਰਾਂ ਦਾ ਭਰੋਸੇਯੋਗ ਸਾਥੀ ਜਵਾਲਾ ਸਿੰਘ ਹੁਸ਼ਿਆਰਪੁਰ ਦੇ ਗੋਰੇ ਡਿਪਟੀ ਕਮਿਸ਼ਨਰ ਮਿਸਟਰ ਹਾਰਟਨ ਦੀਆਂ ਗੱਲਾਂ ਸੁਣ ਦੇ ਦੇਸ਼

1. ਅਗਲੇ ਦਿਨ ਬੱਬਰ ਅਖ਼ਬਾਰ ਵਿਚ ਖ਼ਬਰ ਛਪੀ ਕਿ 27 ਮਾਰਚ 1923 ਨੂੰ ਮੁਨਸ਼ੀ ਹਜ਼ਾਰਾ ਸਿੰਘ ਬਹਿਬਲਪੁਰੀਏ ਨੂੰ ਤਿੰਨ ਮੁਰੱਬੇ ਇਨਾਮ।

ਧਰੋਹੀ ਬਣ ਗਿਆ। ਮਿਸਟਰ ਹਾਰਟਨ ਹੁਸ਼ਿਆਰਪੁਰ ਅਤੇ ਜਵਾਲਾ ਸਿੰਘ ਦਾ ਸੌਦਾ :

## ਬੈਂਤ

ਮਿਸਟਰ ਗੋਰੇ ਦੀ ਪਾਲਸੀ ਠੀਕ ਚੱਲੀ,
ਝੋਲੀ ਚੁੱਕ ਕਹੇ ਹੁਕਮ ਵਜਾਵਾਂਗਾ ਮੈਂ।
ਮੰਨਣ ਹਾਣੇ ਦੇ ਵਿਚ ਨੇ ਸਾਕ ਮੇਰੇ,
ਧੰਨਾ ਸਿੰਘ ਨੂੰ ਓਥੇ ਲਿਜਾਵਾਂਗਾ ਮੈਂ,।
ਤੁਸਾਂ ਪਿੰਡ ਨੂੰ ਆਣ ਕੇ ਘੇਰ ਲੈਣਾ,
ਪੂਰਾ ਸੂਰਮੇ 'ਤੇ ਜਾਦੂ ਪਾਵਾਂਗਾ ਮੈਂ।
ਤੁਸੀਂ ਰਾਈਫ਼ਲਾਂ ਦੇ ਪਹਿਲਾਂ ਫ਼ਾਇਰ ਕਰਿਓ,
ਜਿਹੜੇ ਰਾਹ ਆਖੋ ਉਹਨੂੰ ਪਾਵਾਂਗਾ ਮੈਂ।
ਮੂਹਰੇ ਆਊਂਗਾ ਆਪ ਤੇ ਉਹ ਪਿੱਛੇ,
ਹੱਲਾ ਕਰ ਲਿਓ ਤੇ ਖਿਸਕ ਜਾਵਾਂਗਾ ਮੈਂ।
ਮੇਰੀ ਓਸ ਨੇ ਚਾਲ ਕੀ ਸਮਝਣੀ ਹੈ,
ਐਸੀ ਹੱਥਾਂ 'ਤੇ ਸਰ੍ਹੋਂ ਜਮਾਵਾਂਗਾ ਮੈਂ।
ਮੇਰੀ ਲਾਟ ਨਾਲ ਵਾਕਫ਼ੀ ਤਦੇ ਹੋਣੀ,
ਜਦੋਂ ਤੁਸਾਂ ਦੀ ਸੇਵ ਕਮਾਵਾਂਗਾ ਮੈਂ।
ਜੇ ਤਾਂ ਇਹ ਮੇਰੀ ਘਾਲ ਪਈ ਥਾਵੇਂ,
ਤਾਂ ਫਿਰ ਹੋਰ ਵੀ ਬੱਬਰ ਫੜਾਵਾਂਗਾ ਮੈਂ।
ਵੱਡੇ ਸਾਹਿਬ ਤੋਂ ਮਿਲੇਗੀ ਓਹ ਚਿੱਠੀ,



ਜਿਹੜੀ ਲਾਟ ਨੂੰ ਜਾ ਕੇ ਵਖਾਵਾਂਗਾ ਮੈਂ।
ਸੌਖੀ ਗੱਲ ਨਹੀਂ ਏਡਾ ਇਨਾਮ ਲੈਣਾ,
ਜਾਲ ਵਿਚ ਸ਼ਿਕਾਰ ਫਸਾਵਾਂਗਾ ਮੈਂ।
ਅਣਖੀ ਬੱਬਰ ਦਾ ਦਿਲ ਭਰਮਾਉਣ ਖ਼ਾਤਰ,
ਸਹੁੰਆਂ ਝੂਠੀਆਂ ਸੱਚੀਆਂ ਖਾਵਾਂਗਾ ਮੈਂ।
ਅਗਲੀ ਬਣਸ ਨੂੰ ਸੁਖੀ ਬਣਾਉਣ ਖ਼ਾਤਰ,
ਜਿੰਨਾ ਹੋ ਸਕੇ ਟਿੱਲ ਲਾਵਾਂਗਾ ਮੈਂ।
ਜਦੋਂ ਸ਼ਾਹੀ ਖ਼ਜ਼ਾਨੇ 'ਚੋਂ ਮਿਲੂ ਪੈਸਾ,
ਵੱਡੇ ਸ਼ੀਸ਼ ਮਹੱਲ ਬਣਾਵਾਂਗਾ ਮੈਂ।
ਮੇਰੀ ਪਾਲਸੀ ਨੂੰ ਕੋਈ ਨਹੀਂ ਸਮਝ ਸਕਦਾ,
ਅਕਲਦਾਨਾਂ ਨੂੰ ਅਕਲ ਭੁਲਾਵਾਂਗਾ ਮੈਂ।
ਲੱਗ ਜਾਵੇ ਜੇ 'ਜੋਗੀਆ' ਦਾਅ ਮੇਰਾ,
ਫਿਰ ਸੁੱਖਾਂ ਦੀ ਮੱਸਿਆ ਨਹਾਵਾਂਗਾ ਮੈਂ।

ਇਕ ਦਿਨ ਜਵਾਲਾ ਸਿੰਘ ਮਿਸਟਰ ਹਾਰਟਨ ਕੋਲ ਪੁੱਜਾ ਤੇ ਜ਼ਰੂਰੀ ਗੱਲ ਦੱਸ ਕੇ ਚਲਿਆ ਗਿਆ। ਧੰਨਾ ਸਿੰਘ ਤੇ ਜਵਾਲਾ ਸਿੰਘ ਮੰਨਣਹਾਰੇ ਕਰਮ ਸਿੰਘ ਦੇ ਘਰ ਸੁੱਤੇ ਪਏ ਸੀ, ਜਦ ਮਿਸਟਰ ਹਾਰਟਨ ਨੇ ਅੱਧੀ ਰਾਤ ਨੂੰ ਘੇਰਾ ਪਾ ਲਿਆ। ਉਸ ਵੇਲੇ ਦਾ ਵਾਤਾਵਰਣ ਇਉਂ ਬਿਆਨ ਕੀਤਾ ਜਾਂਦਾ ਹੈ :

## ਦਵੱਈਆ

1

ਵਿਚ ਹਨੇਰੇ ਹੁਕਮ ਪਾਲਦਾ ਹਾਕਮ ਫਿਰਦਾ ਭੱਜਾ।
ਕਹਿੰਦਾ ਮੇਰੀ ਜਿੱਤ ਹੋਏਗੀ ਬਾਜੂ ਫਰਕੇ ਸੱਜਾ।
ਹਿੰਦੀ ਨੂੰ ਚੰਗਾ ਨਾ ਸਮਝੇ ਹਾਕਮ ਆਗਿਆਕਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

2

ਆਖਣ ਕਿਧਰੇ ਨੱਸ ਨਾ ਜਾਵੇ ਐਸਾ ਢੰਗ ਕੋਈ ਲੱਭੋ।
ਤਕੜੇ ਰਹਿਣਾ ਫੜੋ ਧੰਨਾ ਜੀਉਂਦਾ ਕੱਚਾ ਚੱਬੋ।
ਆਪਣਿਆਂ ਤੋਂ ਬਣੇ ਬਿਗਾਨੇ ਭੈੜੀ ਨੀਤੀ ਧਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

3

ਵੈਰੀ-ਗੁਡ ਜਵਾਲਾ ਸਿੰਘ ਨੇ ਬਹੁਤ ਹੱਛਾ ਕੰਮ ਕਰਿਆ।
ਸਾਡੇ ਰਾਜ ਦੇ ਰੱਖਣ ਖ਼ਾਤਰ ਦਿਲ ਨਜ਼ਰਾਨਾ ਧਰਿਆ।
ਇਹ ਤਾਂ ਸਾਰੇ ਜੱਗ ਤੋਂ ਚੰਗੀ ਕੀਤੀ ਖੇਲ ਨਿਆਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

4

ਧੰਨਾ ਸਿੰਘ ਤੇ ਜਵਾਲਾ ਸਿੰਘ ਇਉਂ ਗੱਲਾਂ ਬਾਤਾਂ ਕਰਦੇ।
ਢੋਲੇ ਗਾਉਂਦਾ ਜੱਗ ਉਹਨਾਂ ਦੇ ਜੇਹੜੇ ਦੇਸ਼ ਲਈ ਮਰਦੇ।
ਏਨਾ ਪਤਾ ਨਹੀਂ ਜਵਾਲਾ ਸਿੰਘ ਨੂੰ ਭੈੜੀ ਲੱਗੀ ਬੀਮਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।



5

ਪਤਾ ਨਹੀਂ ਕੀ ਬਣੇਗਾ ਅੱਗੇ ਅਫ਼ਸਰ ਕਰਦੇ ਗੱਲਾਂ।
ਲਾਲਚ ਪਏ ਤਰੱਕੀ ਮੰਗਣ ਸਾਰੇ ਚਾਹੁੰਦੇ ਭਲਾ।
ਉਸ ਨੂੰ ਫੜਨਾ ਜੀਹਨੇ ਲਈ ਹੈ ਸਿਰ ਦੇ ਕੇ ਸਰਦਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

6

ਗੂੜ੍ਹੀ ਨੀਂਦਰ ਦੇ ਵਿਚ ਸੁੱਤਾ ਧੰਨਾ ਸਿੰਘ ਬਹਾਦਰ।
ਦੇਸ਼ ਆਜ਼ਦੀ ਸਾਹਿਬਾਂ ਬਦਲੇ ਤਾਣੀ ਸੁੱਤਾ ਚਾਦਰ।
ਸਖ਼ਤੀ ਝੱਲ ਆਜ਼ਾਦੀ ਮੰਗੇ ਕਿੱਡਾ ਅਜਬ ਵਪਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

7

ਚੋਰ ਉਚੱਕੇ ਬਣੇ ਚੌਧਰੀ ਗੁੰਡੀ ਹੁਕਮ ਚਲਾਵੇ।
ਹੁੰਦੀ ਭਾਰਤ ਦੇਸ਼ ਦੀ ਹਾਨੀ ਕਿਹੜਾ ਮਰਦ ਭੁਲਾਵੇ।
'ਜੋਗੀ' ਆਖੇ ਸਿੰਘ ਹਮੇਸ਼ਾ ਰਹਿੰਦੇ ਸਾਫ਼ ਵਿਹਾਰੀ।
ਧੰਨਾ ਸਿੰਘ ਨੂੰ ਫੜਨ ਵਾਸਤੇ ਹੋ ਗਈ ਫੁਲ ਤਿਆਰੀ।

ਜਦੋਂ ਪੁਲਿਸ ਵਾਲਿਆਂ ਨੇ ਫ਼ਾਇਰ ਕੀਤੇ ਤਾਂ ਧੰਨਾ ਸਿੰਘ ਦੀ ਜਾਗ ਖੁੱਲ੍ਹ ਗਈ। ਜਵਾਲਾ ਸਿੰਘ ਨੇ ਕਿਹਾ, "ਪੁਲਿਸ ਆ ਗਈ ਹੈ, ਨਿਕਲਣ ਦਾ ਚਾਰਾ ਕਰੀਏ।"

ਦੋਹਾਂ ਨੇ ਹਥਿਆਰ ਸੰਭਾਲੇ, ਗੋਲੀ ਚੱਲਦੀ ਤੋਂ ਦੂਸਰੇ ਪਾਸੇ ਦਾ ਰੁਖ਼ ਕਰ ਕੇ ਤੁਰ ਪਏ। ਇਕ ਗਲੀ ਦਾ ਮੋੜ ਮੁੜੇ। ਜਵਾਲਾ ਸਿੰਘ

ਦੇ ਪਿੱਛੇ-ਪਿੱਛੇ ਧੰਨਾ ਸਿੰਘ ਜਾ ਰਿਹਾ ਸੀ। ਜਵਾਲਾ ਸਿੰਘ ਅੱਗੇ ਜਾ ਰਿਹਾ ਸੀ। ਮੋੜ 'ਤੇ ਲੁਕੇ ਇਕ ਸਿਪਾਹੀ ਨੇ ਧੰਨਾ ਸਿੰਘ ਦੇ ਸਿਰ ਵਿਚ ਡਾਂਗ ਮਾਰੀ। ਡਿੱਗਦੇ ਹੋਏ ਧੰਨਾ ਸਿੰਘ ਨੂੰ ਕਈ ਸਿਪਾਹੀਆਂ ਨੇ ਆਣ ਫੜਿਆ ਅਤੇ ਜਵਾਲਾ ਸਿੰਘ ਨੂੰ ਭੱਜ ਜਾਣ ਦਿੱਤਾ।

ਧੰਨਾ ਸਿੰਘ ਦੇ ਫੜੇ ਜਾਣ ਦੀ ਖ਼ੁਸ਼ੀ ਵਿਚ ਵਿਸਲਾਂ ਵੱਜ ਗਈਆਂ। ਏਨੇ ਚਿਰ ਨੂੰ ਦਿਨ ਚੜ੍ਹ ਗਿਆ। ਧੰਨਾ ਸਿੰਘ ਨੂੰ ਹੱਥਕੜੀ ਲਾ ਕੇ ਮਿਸਟਰ ਹਾਰਟਨ ਬੜਾ ਖ਼ੁਸ਼ ਸੀ।

ਲੋਕ ਧੰਨਾ ਸਿੰਘ ਦੇ ਦਰਸ਼ਨ ਕਰਨ ਆ ਰਹੇ ਸਨ। ਗੋਰਾ ਅਫ਼ਸਰ ਬੜਾ ਖ਼ੁਸ਼ ਸੀ। ਧੰਨਾ ਸਿੰਘ ਨੂੰ ਕਹਿ ਰਿਹਾ ਸੀ ਕਿ ਧੰਨਾ ਸਿੰਘ, ਤੁਮ ਖ਼ੂਨੀ ਹੋ, ਫਾਹੇ ਲੱਗੇਗਾ। ਅੰਗਰੇਜ਼ ਨਾਲ ਲੜ ਕੇ ਹਾਰਨਾ ਪਿਆ।

ਧੰਨਾ ਸਿੰਘ ਨੇ ਜੋਸ਼ ਵਿਚ ਆਣ ਕੇ ਇਉਂ ਜਵਾਬ ਦਿੱਤਾ:

## ਪਉੜੀ

1

ਬਿਹਬਲਪੁਰੀਆ ਸੂਰਮਾ ਇਉਂ ਮਾਰ ਕੜਕੇ।
ਖ਼ੁਸ਼ ਹੋ ਰਿਹਾ ਏਂ ਗੋਰਿਆ ਤੂੰ ਮੈਨੂੰ ਫੜ ਕੇ।
ਅਜੇ ਪਲਾਂ ਵਿਚ ਪਤਾ ਨਹੀਂ ਕੀ ਹੋ ਜਾਏ ਕਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

2

ਅਸੀਂ ਨਹੀਂ ਚਾਹੁੰਦੇ ਵੇਖਣੀ ਹੁਣ ਮਲਕਾ ਗੋਰੀ।
ਸਾਡੇ ਦੇਸ਼ 'ਚ ਰਹੋ ਨਾ ਹੁਣ ਧੱਕੋ ਜ਼ੋਰੀ।
ਸਾਡੇ ਸੂਰੇ ਦੱਸ ਗਏ ਸਹਿ ਸਿਰ 'ਤੇ ਆਰਾ।



ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

3

ਅੱਗ ਨੂੰ ਆਈ ਬੈਠ ਗਈ ਬਣ ਕੇ ਘਰ ਵਾਲੀ।
ਉੱਡਦੀ ਨਜ਼ਰ ਆ ਆਊਗੀ ਇਹ ਟੋਪੀ ਕਾਲੀ।
ਅਸੀਂ ਵਲੈਤੀ ਚੋਰ ਤੋਂ ਚਾਹੁੰਦੇ ਛੁਟਕਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

4

ਹਿੰਦੀਆਂ ਗੋਰੇ ਕੱਟਣ ਦੀ ਸਹੁੰ ਪੱਕੀ ਖਾਧੀ।
ਇਕ ਦਿਨ ਤੇ ਘਰ ਅਸਾਂ ਦੇ ਆ ਜਾਊ ਆਜ਼ਾਦੀ।
ਤੁਰੰਤ ਆਜ਼ਾਦੀ ਹਿੰਦ ਦਾ ਪਊ ਚਮਕ ਸਿਤਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

5

ਮੈਂ ਖ਼ੁਸ਼ ਹਾਂ ਜੇ ਦੇਸ਼ ਤੋਂ ਚੜ੍ਹ ਜਾਵਾਂ ਫਾਂਸੀ।
ਅਸੀਂ ਤੇ ਸਮਝੀਂ ਗੋਰਿਆ ਹੋਣੀ ਵੀ ਦਾਸੀ।
ਹਰ ਹਿੰਦ ਵਾਸੀ ਜਾਗਿਆ ਕਰ ਦੇਊ ਨਿਤਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

6

ਬੇਸ਼ੱਕ ਗੋਲੀ ਮਾਰ ਦੇ ਕੋਈ ਮੈਨੂੰ ਡਰ ਨਹੀਂ।
ਰਾਜ ਹਿੰਦ ਵਿਚ ਗੋਰਿਓ ਤੁਸੀਂ ਸਕਦੇ ਕਰ ਨਹੀਂ।
ਹਿੰਦ ਦੇ ਮੰਦਰ ਵਾਸਤੇ ਮੇਰੀ ਚਰਬੀ ਗਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

7

ਪਤਾ ਨਹੀਂ ਵਿਚ ਪਲਾਂ ਦੇ ਜੇ ਆ ਗਏ ਬੇਲੀ।
ਏਥੇ ਤੇਰੇ ਸਾਹਮਣੇ ਜਾਊ ਹੋਲੀ ਖੇਲੀ।
ਤੇਰੇ ਸਾਡੇ ਜ਼ੋਰ ਦਾ ਹੋ ਜਾਊ ਬਟਵਾਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

8

'ਜੋਗੀ' ਧੰਨੇ ਜੱਟ ਨੇ ਫਿਰ ਬਦਨ ਹਿਲਾਇਆ।
ਬੰਬ ਡਿੱਗਾ ਤੇ ਚੱਲਿਆ ਜਿਨ ਪੂਰ ਮੁਕਾਇਆ।
ਨਾਲ ਹੀ ਦੂਲੇ ਮਰਦ ਨੇ ਇਕ ਲਾਇਆ ਨਾਹਰਾ।
ਛੱਡ ਕੇ ਤੁਰ ਜਾਓ ਗੋਰਿਆ ਇਹ ਦੇਸ਼ ਹਮਾਰਾ।

ਜਿਸ ਵੇਲੇ ਸੂਰਮੇ ਨੇ ਬਦਨ ਹਿਲਾਇਆ, ਉਸੇ ਵੇਲੇ ਕੱਛ ਵਿਚੋਂ ਬੰਬ ਡਿੱਗਾ ਜੋ ਡਿਗਦਿਆਂ ਸਾਰ ਫਟ ਗਿਆ। ਧੰਨਾ ਸਿੰਘ ਦੇ ਨਾਲ ਮਿਸਟਰ ਹਾਰਟਨ ਸਣੇ ਪੰਜ ਗੋਰੇ ਸਿਪਾਹੀ ਵੀ ਉੱਡ ਗਏ।

ਠਾਣੇਦਾਰ ਦੂਰ ਖੜਾ ਸੀ, ਉਸ ਘੋੜੀ ਨਸਾਈ ਤੇ ਹੁਸ਼ਿਆਰਪੁਰ ਵੱਡੇ ਅਫ਼ਸਰਾਂ ਨੂੰ ਖ਼ਬਰ ਦੇਣ ਤੁਰ ਪਿਆ।

ਇਹ ਹੈ ਦਾਸਤਾਨ ਧੰਨਾ ਸਿੰਘ ਬਿਹਬਲਪੁਰੀ ਤੇ ਉਸ ਸਾਥੀਆਂ ਦੀ ਜਿਹਨਾਂ ਦੇਸ਼ ਦੀ ਆਜ਼ਾਦੀ ਬਦਲੇ ਆਪਾ ਵਾਰਿਆ। ਉਹਨਾਂ ਦੀ ਕੁਰਬਾਨੀ ਦਾ ਸਦਕਾ ਅੱਜ ਸਾਡਾ ਦੇਸ਼ ਆਜ਼ਾਦ ਹੈ।

ਨੋਟ : ਜਿੰਨੇ ਕੁ ਹਾਲਾਤ ਮਿਲ ਸਕੇ ਹਨ, ਲਿਖਣ ਦਾ ਯਤਨ ਕੀਤਾ ਹੈ, ਵਿਦਵਾਨ ਲੋਕ ਗ਼ਲਤੀਆਂ ਨਜ਼ਰ-ਅੰਦਾਜ਼ ਕਰ ਕੇ ਖ਼ੂਬੀਆਂ ਨੂੰ ਮਾਣ ਦੇਣ ਦਾ ਯਤਨ ਕਰਨਗੇ।

—'ਜੋਗੀ'